ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/1948995821245 31/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

YouTube https://youtu.be/LQwolgxDu7I

awazeqaumtvpunjab@gmail.com

ਐਤਵਾਰ, 29 ਦਸੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੧੫ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

## ਸ਼ਹੀਦੀ ਹ.ਫਤਾ (29 ਦਸੰਬਰ)

ਸਿੱਖ ਧਰਮ ਵਿੱਚ 21 ਦਸੰਬਰ ਤੋਂ ਲੈ ਕੇ ਅਗਲਾ ਇੱਕ ਹ.ਫਤਾ ਸ਼ਹੀਦੀ ਹ.ਫਤੇ ਦੇ ਤੌਰ 'ਤੇ ਮਨਾਉਂਦੇ ਹਨ। ਇਸ ਇੱਕ ਹ.ਫਤੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹ.ਫਤੇ ਦੇ ਤੌਰ 'ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ 'ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰਾ ਹ.ਫਤੇ ਵਿੱਚ ਕਿਸ ਦਿਨ ਕੀ ਹੋਇਆ, ਰੋਜ਼ਾਨਾ ਦੱਸ ਰਹੇ ਹਾਂ।



ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ, ਪਰ ਦੀਵਾਨ ਟੋਡਰ ਮੱਲ ਨੇ ਵਜ਼ੀਰ ਖ਼ਾਨ ਤੋਂ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਇਜਾਜ਼ਤ ਮੰਗੀ। ਵਜ਼ੀਰ ਖ਼ਾਨ ਨੇ ਟੋਡਰਮੱਲ ਅੱਗੇ ਸ਼ਰਤ ਰੱਖੀ ਕਿ ਉਹ ਜਿੰਨੀ ਜਗ੍ਹਾ 'ਤੇ ਸੰਸਕਾਰ ਕਰਨਾ ਚਾਹੁੰਦਾ ਹੈ, ਉਨੀ ਜਗ੍ਹਾ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਦੇਵੇ। ਇਹ ਸੁਣਕੇ ਟੋਡਰਮੱਲ ਨੇ ਉਸ ਪੂਰੇ ਹਿੱਸੇ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਜ਼ਮੀਨ ਲੈ ਲਈ ਅਤੇ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕਰ ਦਿੱਤਾ।

ਆਵਾਜ਼ਿ ਕੌਮ
AWAZE QAUM
International Newspaper & WEB TV



Exclusive News

### ਕੜਾਕੇ ਦੀ ਠੰਡ ਦਰਮਿਆਨ ਸਿਹਤ ਮਹਿਕਮੇ ਵੱਲੋਂ ਐਡਵਾਈਜ਼ਰੀ ਜਾਰੀ

**ਚੰਡੀਗੜ੍ਹ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)**- ਮੌਸਮ ਵਿਚ ਆਏ ਬਦਲਾਅ ਕਾਰਨ ਠੰਡ ਵਿਚ ਵਾਧਾ ਹੋਣ ਲੱਗਾ ਹੈ। ਉਥੇ ਹੀ ਠੰਡ ਤੋਂ ਬਚਣ ਲਈ ਲੋਕ ਘਰਾਂ ਅੰਦਰ ਬੰਦ ਕਮਰੇ ਵਿਚ ਅੰਗੀਠੀ ਬਾਲਦੇ ਹਨ, ਜੋਕਿ ਜਾਨਲੇਵਾ ਸਾਬਤ ਹੋ ਸਕਦੀ ਹੈ। ਸਿਵਲ ਸਰਜਨ ਡਾ. ਜਸਵੀਰ ਕੌਰ ਨੇ ਪ੍ਰੈੱਸ ਜਾਣਕਾਰੀ ਵਿੱਚ ਦੱਸਿਆ ਕਿ ਪਿਛਲੇ 2 ਦਿਨਾਂ ਤੋਂ ਸੂਬੇ ਭਰ ਵਿੱਚ ਲਗਾਤਾਰ ਪੈ ਰਹੇ ਮੀਂਹ ਕਾਰਨ ਜਿੱਥੇ ਆਮ ਜਨ-ਜੀਵਨ ਪ੍ਰਭਾਵਿਤ ਹੋਇਆ ਹੈ। ਉੱਥੇ ਹੀ ਖ਼ੁਸ਼ਕ ਸ਼ਰਦੀ ਦੇ ਮੌਸਮ ਤੋਂ ਛੁਟਕਾਰੇ ਨਾਲ ਲੋਕਾਂ ਨੂੰ ਬੀਮਾਰੀਆਂ ਤੋਂ ਰਾਹਤ ਮਿਲੀ ਹੈ ਪਰ ਇਸ ਦੇ ਨਾਲ ਹੀ ਮੀਂਹ ਕਾਰਨ ਇਲਾਕੇ ਵਿੱਚ ਠੰਡ ਦੀ ਲਹਿਰ ਨੇ ਹੋਰ ਜ਼ੋਰ ਫੜ ਲਿਆ ਹੈ। ਸੀਤ ਲਹਿਰ ਦੇ ਚੱਲਦਿਆਂ ਇਸ ਤੋਂ ਬਚਾਅ ਸਬੰਧੀ ਉਨ੍ਹਾਂ ਸਿਹਤ ਐਡਵਾਈਜ਼ਰੀ ਜਾਰੀ ਕਰਦਿਆਂ ਕਿਹਾ ਕਿ ਖ਼ੁਸ਼ਕ ਸਰਦੀ ਦੇ ਮੌਸਮ ਵਿਚ ਬੱਚੇ, ਬਜ਼ੁਰਗ ਅਤੇ ਨੌਜਵਾਨ ਖੰਘ, ਜ਼ੁਕਾਮ, ਗਲਾ ਖ਼ਰਾਬ ਅਤੇ ਬੁਖ਼ਾਰ ਦੀ ਲਪੇਟ ਵਿੱਚ ਆ ਰਹੇ ਸਨ। ਮੌਸਮ ਵਿੱਚ ਤਬਦੀਲੀ ਨਾਲ ਲਗਾਤਾਰ ਘਟ ਰਹੇ ਤਾਪਮਾਨ ਵਿੱਚ ਸਿਹਤ ਪ੍ਰਤੀ ਲਾਹਪ੍ਰਵਾਹੀ ਖ਼ਤਰਨਾਕ ਸਾਬਤ ਹੋ ਸਕਦੀ ਹੈ। ਆਮ ਲੋਕਾਂ ਖ਼ਾਸ ਕਰ ਬਜ਼ੁਰਗਾਂ ਅਤੇ ਬੱਚਿਆਂ ਲਈ ਠੰਡ ਵਿੱਚ ਜ਼ਿਆਦਾ ਦੇਰ ਰਹਿਣ ਨਾਲ ਗੰਭੀਰ ਮੈਡੀਕਲ ਸਥਿਤੀ ਪੈਦਾ ਹੋ ਸਕਦੀ ਹੈ। ਇਸ ਲਈ ਬਜ਼ੁਰਗ, ਬੱਚੇ ਅਤੇ ਦਿਲ ਦੇ ਰੋਗਾਂ ਦੇ ਮਰੀਜ਼ ਸਵੇਰ ਅਤੇ ਦੇਰ ਸ਼ਾਮ ਦੇ ਸਮੇਂ ਜ਼ਿਆਦਾ ਠੰਡ ਅਤੇ ਧੁੰਦ ਹੋਣ 'ਤੇ ਸੈਰ ਕਰਨ ਜਾਂ ਘਰੋਂ ਬਾਹਰ ਜਾਣ ਤੋਂ ਗੁਰੇਜ ਕਰਨ। ਛੋਟੇ ਬੱਚਿਆਂ ਨੂੰ ਇਸ ਮੌਸਮ ਵਿੱਚ ਨਿਮੋਨੀਆ ਹੋਣ ਦਾ ਖ਼ਤਰਾ ਜਿਆਦਾ ਰਹਿੰਦਾ ਹੈ ਅਤੇ ਠੰਡ ਲੱਗਣ ਨਾਲ ਛੋਟੇ ਬੱਚਿਆਂ ਨੂੰ ਉਲਟੀ, ਦਸਤ ਵੀ ਲੱਗ ਸਕਦੇ ਹਨ।

### ਨਿਗਮਬੋਧ ਘਾਟ ਵਿਖੇ ਧੀ ਨੇ ਚਿਤਾ ਨੂੰ ਅੱਗ ਦਿੱਤੀ

# ਪੰਜ ਤੱਤਾਂ 'ਚ ਵਿਲੀਨ ਹੋਏ ਡਾ. ਮਨਮੋਹਨ ਸਿੰਘ





**ਨਵੀਂ ਦਿੱਲੀ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ 92 ਸਾਲ ਦੀ ਉਮਰ ਵਿੱਚ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਦਿੱਲੀ ਵਿੱਚ ਸਰਕਾਰੀ ਸਨਮਾਨਾਂ ਨਾਲ ਉਹਨਾਂ ਦਾ ਅਤਿੰਮ ਸਸਕਾਰ ਕੀਤਾ ਗਿਆ। ਇਸ ਤੋਂ ਪਹਿਲਾਂ ਉਹਨਾਂ ਨੂੰ ਕਾਂਗਰਸ ਦ.ਫਤਰ ਵਿਖੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਜਿੱਥੇ ਦੇਸ਼ ਭਰ ਦੇ ਕਾਂਗਰਸੀ ਲੀਡਰਾਂ ਨੇ ਉਹਨਾਂ ਦੇ ਆਖਰੀ ਦਰਸ਼ਨ ਕੀਤੇ। ਨਿਗਮ ਬੋਧ ਘਾਟ ਵਿਖੇ ਭੂਟਾਨ ਦੇ ਨਰੇਸ਼ (ਰਾਜਾ) ਅਤੇ ਦੇਸ਼ ਦੀ ਰਾਸ਼ਟਰਪਤੀ ਦ੍ਰੋਪਦੀ ਮੂਰਮੂ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮੇਤ ਦੇਸ਼ ਭਰ ਦੇ ਵੱਡੇ ਲੀਡਰਾਂ ਨੇ ਸ਼ਰਧਾਂਜ਼ਲੀਆਂ ਦਿੱਤੀਆਂ। ਡਾ. ਮਨਮੋਹਨ ਸਿੰਘ ਦੀ ਮ੍ਰਿਤਕ ਦੇਹ ਨੂੰ ਉਹਨਾਂ ਦੀ ਧੀ ਵੱਲੋਂ ਮੁੱਖ ਅਗਨੀ ਦਿੱਤੀ ਗਈ।

### ਸਿੱਖਾਂ ਨਾਲ ਮਤਰੇਆਂ ਵਰਗਾ ਵਰਤਾਓ, ਪੰਜਾਬੀਆਂ ਨੇ ਜਤਾਇਆ ਇਤਰਾਜ਼

**ਨਵੀਂ ਦਿੱਲੀ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਦੇਸ਼ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੇ ਅੰਤਿਮ ਸੰਸਕਾਰ ਅਤੇ ਯਾਦਗਾਰ ਲਈ ਰਾਜਘਾਟ 'ਤੇ ਜਗ੍ਹਾ ਨਾ ਦਿੱਤੇ ਜਾਣ 'ਤੇ ਸਿੱਖ ਆਗੂ ਨਾਰਾਜ਼ ਹਨ। ਪੰਜਾਬ 'ਚ ਅਕਾਲੀ ਦਲ ਤੇ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਇਸ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਹ ਕੇਂਦਰ ਦਾ ਸਿੱਖਾਂ ਨਾਲ ਮਤਰੇਇਆਂ ਵਾਲਾ ਸਲੂਕ ਹੈ। ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ, ਦੇਸ਼ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੇ ਦਾਹ ਸੰਸਕਾਰ ਲਈ ਰਾਜਘਾਟ ਨੇੜੇ ਜ਼ਮੀਨ ਅਲਾਟ ਕਰਨ ਦੀ ਪੁਰਾਣੀ ਰਿਵਾਇਤ ਨੂੰ ਮੰਨਣ ਤੋਂ ਭਾਰਤ ਸਰਕਾਰ ਨੇ ਇਨਕਾਰ ਕਰ ਦਿੱਤਾ ਹੈ। ਹੁਣ ਰੋਸ਼ਨ ਦਿਮਾਗ ਡਾਕਟਰ ਮਨਮੋਹਨ ਸਿੰਘ ਦਾ ਅੰਤਿਮ ਸੰਸਕਾਰ ਆਮ ਲੋਕਾਂ ਦੀ ਤਰ੍ਹਾਂ ਨਿਗਮ ਬੋਧ ਸ਼ਮਸ਼ਾਨ ਘਾਟ ਉਤੇ 28 ਦਸੰਬਰ ਨੂੰ ਦੁਪਹਿਰ 11.45 ਵਜੇ ਹੋਵੇਗਾ। ਹਾਲਾਂਕਿ ਡਾਕਟਰ ਮਨਮੋਹਨ ਸਿੰਘ ਦੇ ਪਰਿਵਾਰ ਤੇ ਕਾਂਗਰਸ ਪਾਰਟੀ ਨੇ ਭਾਰਤ ਸਰਕਾਰ ਨੂੰ ਰਾਜਘਾਟ ਨੇੜੇ ਯਾਦਗਾਰ ਬਣਾਉਣ ਲਈ ਥਾਂ ਦੇਣ ਦੀ ਮੰਗ ਕੀਤੀ ਸੀ। ਪਰ ਡਾਕਟਰ ਮਨਮੋਹਨ ਸਿੰਘ ਦੇ ਵੱਡੇ ਕੱਦ ਅਤੇ ਪੁਰਾਣੀ ਰਿਵਾਇਤ ਨੂੰ ਸਰਕਾਰ ਨੇ ਨਜ਼ਰ ਅੰਦਾਜ਼ ਕਰਕੇ ਮਤਰੇਏ ਪੁਣੇ ਦਾ ਅਹਿਸਾਸ ਸਿੱਖਾਂ ਨੂੰ ਕਰਵਾ ਦਿੱਤਾ ਹੈ.. ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ, ਇਹ ਬਹੁਤ ਹੀ ਹੈਰਾਨੀਜਨਕ ਅਤੇ ਨਿੰਦਣਯੋਗ ਹੈ ! ਡਾ. ਮਨਮੋਹਨ ਸਿੰਘ ਜੀ ਦੇ ਪਰਿਵਾਰ ਵੱਲੋਂ ਦੇਸ਼ ਲਈ ਉਨ੍ਹਾਂ ਵੱਲੋਂ ਨਿਭਾਈ ਗਈ ਅਹਿਮ ਭੂਮਿਕਾ ਅਤੇ ਬੇਮਿਸਾਲ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਅੰਤਿਮ ਰਸਮਾਂ ਲਈ ਇੱਕ ਵਿਸ਼ੇਸ਼ ਜਗ੍ਹਾ ਦੀ ਮੰਗ ਕੀਤੀ ਗਈ ਸੀ, ਜਿੱਥੇ ਕਿ ਦੇਸ਼ ਵਾਸੀਆਂ ਲਈ ਉਨ੍ਹਾਂ ਦੀ ਯਾਦਗਾਰ ਸਥਾਪਿਤ ਕੀਤੀ ਜਾ ਸਕੇ, ਪਰ ਕੇਂਦਰ ਸਰਕਾਰ ਵੱਲੋਂ ਪਰਿਵਾਰ ਦੀ ਇਸ ਬੇਨਤੀ ਨੂੰ ਠੁਕਰਾ ਦਿੱਤਾ ਗਿਆ ਹੈ। ਪਿਛਲੇ ਸਮਿਆਂ ਦੌਰਾਨ ਚਲਦੀ ਆ ਰਹੀ ਪਰੰਪਰਾ ਨੂੰ ਧਿਆਨ ਵਿੱਚ ਰੱਖਦਿਆਂ ਇਹ ਜਗ੍ਹਾ 'ਰਾਜ ਘਾਟ' ਹੋਣੀ ਚਾਹੀਦੀ ਸੀ । ਪਰ, ਇਹ ਸਮਝ ਤੋਂ ਬਾਹਰ ਹੈ ਕਿ ਸਰਕਾਰ ਉਸ ਮਹਾਨ ਆਗੂ ਦਾ ਇਸ ਕਦਰ ਨਿਰਾਦਰ ਕਿਉਂ ਕਰ ਰਹੀ ਹੈ, ਜੋ ਇੱਕੋ-ਇੱਕ ਸਿੱਖ ਸਨ ਜਿੰਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਨ ਦਾ ਮਾਣ ਹਾਸਿਲ ਸੀ ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸੰਨਚੀਨੋ ਨਗਰ ਦੀਆਂ ਸਿੱਖ ਸੰਗਤਾਂ ਵੱਲੋਂ ਸੇਵਾ ਲਈ ਗਈ ਹੈ।

# ਮਹਾਨ ਸ਼ਹੀਦੀ ਦਿਹਾੜਾ

ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ

ਸ਼੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 27 ਦਸੰਬਰ ਸ਼ੁੱਕਰਵਾਰ 10 : 30 ਵਜੇ ਹੋਵੇਗਾ, ਐਤਵਾਰ 10:30 ਭੋਗ ਪੈਣਗੇ

• ਸ਼ਨਿੱਚਰਵਾਰ 28 ਦਸੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ • ਐਤਵਾਰ 29 ਦਸੰਬਰ 2024 ਨੂੰ 6:30 ਵਜੇ ਸਵੇਰੇ ਚੌਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਕੀਰਤਨੀ ਅਤੇ ਢਾਡੀ ਜਥਾ ਵੀ ਵਾਰਾਂ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

## ✶ ਗੁਰੂ ਪੰਥ ਦੇ ਦਾਸਰੇ ✶

ਸਾਧ ਸੰਗਤ, ਪ੍ਰਬੰਧਕ ਕਮੇਟੀ

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੰਚਣ ਦੀ ਕ੍ਰਿਪਾਲਤਾ ਕਰੋ ਜੀ।

Gurdwara Sahib Shaeed Baba Deep Singh ji Damdami Taksaal

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

### 30 ਦਸੰਬਰ ਨੂੰ ਪੰਜਾਬ ਬੰਦ ਨੂੰ ਸਫਲ ਕਰਨ ਲਈ ਕੀਤੀ ਮੀਟਿੰਗ

# ਸਵੇਰੇ 7 ਵਜੇ ਤੋਂ ਲੈ ਕੇ ਸ਼ਾਮ 4 ਵਜੇ ਤੱਕ ਪੰਜਾਬ ਬੰਦ ਰੱਖਿਆ ਜਾਵੇਗਾ

**ਮੋਗਾ, 28 ਦਸੰਬਰ (ਰਾਜਿੰਦਰ ਸਿੰਘ ਕੋਟਲਾ, ਗੁਰਪ੍ਰੀਤ ਸਿੰਘ)**- ਆਵਾਜਿ ਕੌਮ ਬਿਓਰੋ ਰਿਪੋਰਟ ਮੋਗਾ – ਅੱਜ ਨਛੱਤਰ ਸਿੰਘ ਯਾਦਗੁਰ ਹਾਲ ਮੋਗਾ ਦੇ ਵਿੱਚ ਸੰਯੁਕਤ ਕਿਸਾਨ ਮੋਰਚੇ (ਗੈਰ ਰਾਜਨੀਤਿਕ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਸਾਂਝੇ ਸੱਦੇ ਤੇ ਅਲੱਗ ਅਲੱਗ ਕਿਸਾਨ ਜਥੇਬੰਦੀਆਂ, ਟਰੇਡ ਯੂਨੀਅਨਾਂ , ਸਮਾਜਿਕ ਜਥੇਬੰਦੀਆਂ ਅਤੇ ਇਨਕਲਾਬੀ ਜਮਹੂਰੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ 30 ਦਸੰਬਰ ਦੇ ਬੰਦ ਨੂੰ ਸਫਲ ਕਰਨ ਦੇ ਲਈ ਕੀਤੀ ਗਈ।ਮੀਟਿੰਗ ਦੇ ਵਿੱਚ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜ਼ਿਲਾ ਪ੍ਰਧਾਨ ਲਾਭ ਸਿੰਘ ਰੋਡੇ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਲਖਵੀਰ ਸਿੰਘ ਲੱਖਾ ਸੂਬਾ ਕਮੇਟੀ ਮੈਂਬਰ, ਲੋਕ ਸੰਗਰਾਮ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ, ਕਿਸਾਨ ਮਜ਼ਦੂਰ ਮੋਰਚਾ ਦੇ ਮਲਕੀਤ ਸਿੰਘ ਗੁਲਾਮੀ ਵਾਲਾ ਅਤੇ ਪੰਜਾਬ ਰੋਡਵੇਜ਼ ਪਨਬੱਸ/ ਪੀ ਆਰ ਟੀ ਸੀ ਕੈਟਰੈਕਟ ਵਰਕਰਜ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਜਿੰਦਰ ਸਿੰਘ ਆਦਿ ਹਾਜ਼ਰ ਸਨ। ਬਰਸਾਤ ਕਰਕੇ ਕੁਝ ਜਥੇਬੰਦੀਆਂ ਦੇ ਨੁਮਾਇੰਦੇ ਪੁੱਜ ਨਹੀਂ ਸਕੇ।



ਆਗੂਆਂ ਨੇ ਮੀਟਿੰਗ ਵਿੱਚ ਕਿਹਾ ਕਿ 13 ਫਰਵਰੀ ਤੋਂ ਸ਼ੰਭੂ ਖਨੌਰੀ ਬਾਰਡਰਾਂ ਤੇ ਹੱਕੀ ਮੰਗਾਂ ਖਾਤਰ ਪੱਕਾ ਮੋਰਚਾ ਲੱਗਿਆ ਹੋਇਆ ਹੈ। ਬੀਜੇਪੀ ਸਰਕਾਰ ਨੇ ਦਿੱਲੀ ਵੱਲ ਵਧਣ ਤੋਂ ਕੰਕਰੀਟ ਦੀਆਂ ਕੰਧਾਂ ਬਣਾ ਕੇ, ਭਾਰੀ ਫੋਰਸਾਂ ਤੈਇਨਾਤ ਕਰਕੇ , ਰਾਹ ਵਿੱਚ ਕਿੱਲਾਂ ਗੱਡ ਕੇ , ਕਿਸਾਨਾਂ ਤੇ ਜਬਰ ਢਾਹ ਕੇ ,ਦਿੱਲੀ ਜਾਣ ਤੋਂ ਰੋਕਿਆ ਹੋਇਆ ਹੈ। 6 ਦਸੰਬਰ ਤੋਂ ਸ਼ੰਭੂ ਬਾਰਡਰ ਤੋਂ ਪੈਦਲ 101 ਮਰਜੀਵੜਿਆਂ ਦਾ ਜਥਾ ਤੋਰਨਾ ਸ਼ੁਰੂ ਕੀਤਾ ਸੀ, ਪਰ ਅਥਰੂ ਗੈਸ, ਜਹਰੀਲੀ ਗੈਸ ਅਤੇ ਪੈਰਟ ਗੰਨਾ ਦੇ ਨਾਲ ਦਰਜਣਾ ਕਿਸਾਨਾਂ ਨੂੰ ਫੱਟੜ ਕੀਤਾ ਗਿਆ। ਬੀਜੇਪੀ ਜੋ ਪ੍ਰਚਾਰ ਰਹੀ ਹੈ ਕਿ ਭਾਰਤ ਦੇ ਵਿੱਚ ਸਭ ਤੋਂ ਜਿਆਦਾ ਜਮਹੂਰੀਅਤ ਹੈ, ਉਹ ਜਮਹੂਰੀਅਤ ਲੀਰੋ ਲੀਰ ਹੋਈ ਹੈ । ਪਹਿਲਾਂ ਮੋਦੀ ਸਰਕਾਰ ਕਹਿੰਦੀ ਸੀ ਕਿ ਟਰੈਕਟਰ ਟਰਾਲੀਆਂ ਤੋਂ ਬਿਨਾਂ ਪੈਦਲ ਚਲੇ ਜਾਣ । ਪਰ ਜਦੋਂ ਪੈਦਲ ਤੁਰੇ ਤਾਂ ਫੇਰ ਜਬਰ ਕੀਤਾ ਗਿਆ। ਖਨੌਰੀ ਬਾਰਡਰ ਤੇ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ ਤੇ 31 ਦਿਨ ਤੋਂ ਬੈਠਾ ਹੈ। ਉਹਨਾਂ ਦੀ ਸਿਹਤ ਦਿਨ ਪਰ ਦਿਨ ਵਿਗੜ ਰਹੀ ਹੈ। ਪਰ ਸਰਕਾਰ ਦੇ ਕੰਨ ਤੇ ਜੂੰਅ ਨਹੀਂ ਸਰਕ ਰਹੀ । 26 ਦਸੰਬਰ ਨੂੰ ਖਨੌਰੀ ਬਾਰਡਰ ਤੇ , ਜਨਤਕ ਜਥੇਬੰਦੀਆਂ , ਟ੍ਰੇਡ ਯੂਨੀਅਨਾਂ , ਸਮਾਜਿਕ ਜਥੇਬੰਦੀਆਂ ਅਤੇ ਇਨਕਲਾਬੀ ਜਮਹੂਰੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਕੀਤੀ ਗਈ ਸੀ। ਸਾਰੀਆਂ ਜਥੇਬੰਦੀਆਂ ਨੇ ਭਰੋਸਾ ਦਵਾਇਆ ਹੈ ਕਿ ਉਹ ਪੰਜਾਬ ਬੰਦ ਨੂੰ ਪੂਰੀ ਤਰ੍ਹਾਂ ਸਫਲ ਕਰਨਗੇ। ਅਲੱਗ ਅਲੱਗ ਜਥੇਬੰਦੀਆਂ ਦੀ 30 ਦਸੰਬਰ ਨੂੰ ਬੰਦ ਨੂੰ ਸਫਲ ਕਰਨ ਦੇ ਲਈ ਅਲੱਗ ਅਲੱਗ ਡਿਊਟੀਆਂ ਲਗਾਈਆਂ ਗਈਆਂ। ਦੁਕਾਨਦਾਰਾਂ ਵਪਾਰੀਆਂ ਟਰਾਂਸਪੋਰਟ ਮੁਲਾਜ਼ਮਾਂ, ਬਿਜਲੀ ਕਾਮਿਆਂ, ਮਜ਼ਦੂਰਾਂ, ਕਿਸਾਨਾਂ ਨੂੰ ਅਪੀਲ ਕੀਤੀ ਕਿ 30 ਨੂੰ ਪੂਰੀ ਤਰ੍ਹਾਂ ਸਹਿਯੋਗ ਦੇਣ , ਤਾਂ ਜੋ ਮੋਦੀ ਸਰਕਾਰ ਨੂੰ ਦਿਖਾ ਸਕੀਏ ਕਿ ਪੰਜਾਬ ਦੇ ਲੋਕ ਇੱਕਮੁੱਠ ਹਨ। ਉਹ ਮੰਗਾਂ ਮਨਾਏ ਬਿਨਾਂ ਨਹੀਂ ਰੁਕਣਗੇ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਸ਼ਹਿਰਾਂ ਦੇ ਵਿੱਚ ਪੰਜਾਬ ਬੰਦ ਪੂਰਾ ਪ੍ਰਚਾਰ ਕੀਤਾ ਜਾਵੇ।ਇਹ ਪੰਜਾਬ ਬੰਦ ਸਵੇਰੇ 7 ਵਜੇ ਤੋਂ ਲੈ ਕੇ ਸਾਮ 4 ਵਜੇ ਤੱਕ ਦਾ ਹੈ

ਆਵਾਜ਼ਿ ਕੌਮ AWAZE QAUM International Newspaper & WEB TV


ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ ’ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ





ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥
ਬ੍ਰਹਮਗਿਆਨੀ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ
20 ਸਾਲਾ ਮਿੱਠੀ ਅਤੇ ਨਿੱਘੀ ਯਾਦ ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਸੱਚਖੰਡ ਵਾਸੀ ਮਹਾਂਪੁਰਖ ਬਾਬਾ ਠਾਕੁਰ ਸਿੰਘ ਜੀ
ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ ਵਿਖੇ ਬਹੁਤ ਸ਼ਰਧਾਂ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਜਿਸ ਵਿਚ ਪੰਥ ਦੇ ਮਹਾਨ ਸੰਤ ਮਹਾਂਪੁਰਖ, ਰਾਗੀ, ਕਥਾਵਾਚਕ ਅਤੇ ਢਾਡੀ - ਕਵੀਸ਼ਰ ਪਹੁੰਚ ਰਹੇ ਹਨ। ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਮਾਗਮ ਵਿਚ ਤਿੰਨੇ ਦਿਨ ਹਾਜ਼ਰੀਆਂ ਭਰ ਕੇ ਗੁਰੂ ਜਸ ਸਰਵਣ ਕਰਕੇ ਆਪਣਾ ਜੀਵਨ ਸਫਲਾ ਕਰੋ ਜੀ।
ਆਰੰਭ ਸ੍ਰੀ ਅਖੰਡ ਪਾਠ ਸਾਹਿਬ 27 ਦਸੰਬਰ 2024 ਦਿਨ ਸ਼ੁਕਰਵਾਰ ਸਵੇਰੇ 9:30 ਵਜੇ, ਭੋਗ ਸ੍ਰੀ ਅਖੰਡ ਪਾਠ ਸਾਹਿਬ 29 ਦਸੰਬਰ 2024 ਦਿਨ ਐਤਵਾਰ ਸਵੇਰੇ 9:30 ਵਜੇ
ਨੋਟ:- 27 ਅਤੇ 28 ਦਸਬੰਰ ਰਾਤ ਨੂੰ ਭਾਰੀ ਦੀਵਾਨ ਸੱਜਣਗੇ। ਜਿਸ ਵਿਚ ਪੰਥ ਪ੍ਰਸਿੱਧ ਰਾਗੀ ਜੱਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਕਥਾ ਨਾਲ ਨਿਹਾਲ ਕਰਨਗੇ।
ਗੁਰੂ ਪੰਥ ਦੇ ਦਾਸ-ਦਮਦਮੀ ਟਕਸਾਲ ਦੇ ਵਿਦਿਆਰਥੀ ਅਤੇ ਸਮੂੰਹ ਸਾਧਸੰਗਤ ਡਰਬੀ
ਸਥਾਨ- ਗੁਰੂ ਅਰਜਨ ਦੇਵ ਗੁਰਦੁਆਰਾ ਡਰਬੀ DE23 6QJ-07916253241


ਗ੍ਰਾਮ ਪੰਚਾਇਤ ਢੰਡੋਵਾਲ ਵੱਲੋਂ ਸ਼ਹੀਦ ਬਾਬਾ ਸੁਖਚੇਤ ਸਿੰਘ ਜੀ ਦੇ ਸ਼ਹੀਦੀ ਅਸਥਾਨਾਂ 'ਤੇ
ਸਵ: ਸ. ਨਾਜਰ ਸਿੰਘ ਜੀ ਦੀ ਯਾਦ ਨੂੰ ਸਮਰਪਿਤ
58ਵਾਂ ਸਲਾਨਾ ਛਿੰਝ ਮੇਲਾ ਢੰਡੋਵਾਲ
14 ਜਨਵਰੀ 2025 ਮੰਗਲਵਾਰ
ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)
ਪਟਕੇ ਦੀ ਕੁਸ਼ਤੀ
ਭੁਪਿੰਦਰ ਅਜਨਾਲਾ (ਪੰਜਾਬ ਕੇਸਰੀ)
ਪ੍ਰਿਤਪਾਲ ਫਗਵਾੜਾ (ਭਾਰਤ ਕੇਸਰੀ)
ਇਸ ਤੋਂ ਇਲਾਵਾ ਸਹਿਬਾਜ਼ ਆਲਮਗੀਰ, ਗੌਰਵ ਅਜਨਾਲਾ, ਸੁਰਿੰਦਰ ਸ਼ਾਹਕੋਟ, ਸੂਜਲ ਫਗਵਾੜਾ, ਨੂਰ ਆਲਮਗੀਰ, ਮੁਕੇਸ਼ ਕੌਹਾਲੀ, ਅਜੇ ਪਾਲ ਖੰਨਾ, ਜੱਸਾ ਫਗਵਾੜਾ
ਨੋਟ: ਸਿਰਫ਼ ਸੱਦੇ ਹੋਏ ਅਖਾੜਿਆਂ ਦੇ ਪਹਿਲਵਾਨਾਂ ਦੀਆਂ ਹੀ ਕੁਸ਼ਤੀਆਂ ਹੋਣਗੀਆਂ।
ਵੱਲੋਂ: ਗ੍ਰਾਮ ਪੰਚਾਇਤ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ
ਸੰਪਰਕ: 98151-02950, 82840-32366, 97798-12352
ਛਿੰਝ ਮੇਲੇ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।


ਸਿਰ ਜਾਵੇ ਨਾ ਜਾਵੇ ਸਾਡਾ ਸਿੱਖੀ ਸਿਦਕ ਨਾ ਜਾਵੇ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਵੱਲੋਂ ਆਪ ਸਰਬੱਤ ਸੰਗਤਾਂ ਦੇ ਸਹਿਯੋਗ ਨਾਲ
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਸਤਿਕਾਰਯੋਗ ਮਾਤਾ ਗੁਜ਼ਰ ਕੌਰ ਜੀ ਵੱਡੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ
ਸਫ਼ਰ-ਏ-ਸ਼ਹਾਦਤ
21 ਦਸੰਬਰ ਤੋਂ 29 ਦਸੰਬਰ 2024 ਤੱਕ
ਮਿਤੀ 21 ਦਸੰਬਰ 2024
ਸਮਾਂ: ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ
ਪੁਰਾਣੀ ਅਨਾਜ ਮੰਡੀ ਕਾਲਾਂਵਾਲੀ ਸਿਰਸਾ
ਮਿਤੀ 22 ਦਸੰਬਰ 2024
ਸਮਾਂ: ਸ਼ਾਮ 6 ਤੋਂ 9 ਤੱਕ ਰਾਤ
ਗੁਰਦੁਆਰਾ ਮੰਜੀ ਸਾਹਿਬ ਅੰਬਾਲਾ
ਮਿਤੀ 23 ਦਸੰਬਰ 2014
ਸਮਾਂ: ਸਵੇਰੇ 11 ਤੋਂ 3 ਵਜੇ ਤੱਕ
ਗੁਰਦੁਆਰਾ ਨਿੰਮ ਸਾਹਿਬ ਕੈਥਲ
ਮਿਤੀ 24 ਦਸੰਬਰ 2014
ਸਮਾਂ: ਸ਼ਾਮ 6 ਤੋਂ 9 ਵਜੇ ਤੱਕ
ਗੁਰਦੁਆਰਾ ਮੰਜੀ ਸਾਹਿਬ ਜੀਂਦ
ਮਿਤੀ 25 ਦਸੰਬਰ 2024
ਸਮਾਂ: ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ
ਗੁਰਦੁਆਰਾ ਸੀਸ ਗੰਜ ਸਾਹਿਬ ਤਰਾਵੜੀ ਕਰਨਾਲ
ਮਿਤੀ 26 ਦਸੰਬਰ 2024
ਸਮਾਂ: ਸਵੇਰੇ 11 ਤੋਂ 3 ਵਜੇ ਤੱਕ
ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ
ਮਿਤੀ 27 ਦਸੰਬਰ 2024
ਸਮਾਂ: ਸਵੇਰੇ 11 ਤੋਂ 3 ਵਜੇ ਤੱਕ
ਗੁਰਦੁਆਰਾ ਸਿੰਘ ਸਭਾ ਅਸੰਧ ਕਰਨਾਲ
ਮਿਤੀ 28 ਦਸੰਬਰ 2014
ਸਮਾਂ: ਸ਼ਾਮ 6 ਤੋਂ 9 ਵਜੇ ਤੱਕ
ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ
ਮਿਤੀ 29 ਦਸੰਬਰ 2024
ਸਮਾਂ: ਸਵੇਰੇ 11 ਤੋਂ 3 ਵਜੇ ਤੱਕ
ਗੁਰਦੁਆਰਾ ਪੰਜੋਖੜਾ ਸਾਹਿਬ ਪਾਤਸ਼ਾਹੀ ਅੱਠਵੀਂ ਅੰਬਾਲਾ
LIVE US ON
Akaal
WORLD ਪੰਜਾਬੀ
CHARDIKLA TIME TV
ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਸਰਬੱਤ ਸੰਗਤਾਂ ਹੁੰਮ ਹੁਮਾ ਕੇ ਪੁੱਜੋ ਜੀ ਅਤੇ ਗੁਰਬਾਣੀ ਗੁਰਇਤਿਹਾਸ
ਸਰਵਣ ਕਰਕੇ ਆਪਣੀ ਵਿਰਾਸਤ ਨਾਲ ਜੁੜੋ ਜੀ
ਸੰਪਰਕ ਨੰ: 86995-42966, 93560-60960
ਜਥੇਦਾਰ ਭੁਪਿੰਦਰ ਸਿੰਘ ਅਸੰਧ
ਪ੍ਰਧਾਨ HSGMC
ਬੇਨਤੀ ਕਰਤਾ - ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂੰਹ ਅਹੁਦੇਦਾਰ, ਮੈਂਬਰ ਸਾਹਿਬਾਨ ਅਤੇ ਸਾਧਸੰਗਤ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਚੇਅਰਮੈਨ ਧਰਮ ਪ੍ਰਚਾਰ HSGMC
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਆਜ਼ਾਦ


ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥
ਪਰਮ ਸਤਿਕਾਰ ਯੋਗ ਗੁਰੂ ਪਿਆਰੀ ਸਾਧ ਸੰਗਤ ਜੀ, ਸਨਿਮਰ ਬੇਨਤੀ ਹੈ ਕਿ ਦਮਦਮੀ ਟਕਸਾਲ ਦੇ ਮੁਖੀ ਨਾਮ ਬਾਣੀ ਦੇ ਰਸੀਏ
ਉੱਚੇ- ਸੁੱਚੇ ਜੀਵਨ ਦੇ ਧਾਰਨੀ, ਤਿਆਗ ਬੈਰਾਗ ਦੀ ਮੂਰਤਿ ਅਤੇ ਮਹਾਨ ਪਰਉਪਕਾਰੀ
ਬ੍ਰਹਮਗਿਆਨੀ ਬਾਬਾ ਠਾਕੁਰ ਸਿੰਘ ਜੀ
ਦੀ 20 ਸਾਲਾ ਮਿੱਠੀ ਅਤੇ ਨਿੱਘੀ ਯਾਦ ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਸੱਚਖੰਡ ਵਾਸੀ ਮਹਾਂਪੁਰਖ ਬਾਬਾ ਠਾਕੁਰ ਸਿੰਘ ਜੀ ਖਾਲਸਾ
ਗੁਰੂ ਅਰਜਨ ਦੇਵ ਗੁਰਦੁਆਰਾ, ਸਟੈਨਹੋਪ ਸਟਰੀਟ, ਡਰਬੀ DE23 6QJ ਵਿਖੇ
ਮਿਤੀ 27 ਦਸੰਬਰ 2024 ਤੋਂ 29 ਦਸੰਬਰ 2024 ਨੂੰ ਮਨਾਈ ਜਾ ਰਹੀ ਹੈ।
ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ, ਕਥਾ ਵਾਚਕ ਅਤੇ ਢਾਡੀ ਜੱਥੇ ਇਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।
ਪ੍ਰੋਗਰਾਮਾਂ ਦਾ ਵੇਰਵਾ
ਆਰੰਭ ਸ੍ਰੀ ਅਖੰਡ ਪਾਠ ਸਾਹਿਬ 27 ਦਸੰਬਰ 2024 ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ 29 ਦਸੰਬਰ 2024 ਦਿਨ ਐਤਵਾਰ ਸਵੇਰੇ 9:30 ਵਜੇ
ਉਪਰੰਤ ਭਾਰੀ ਦੀਵਾਨ ਸੱਜਣਗੇ
ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਹਾਜ਼ਰੀਆਂ ਭਰ ਕੇ ਲਾਹਾ ਪ੍ਰਾਪਤ ਕਰੋ ਜੀ
ਗੁਰੂ ਪੰਥ ਦੇ ਦਾਸ : ਦਮਦਮੀ ਟਕਸਾਲ ਦੇ ਵਿਦਿਆਰਥੀ ਅਤੇ ਸਮੂਹ ਸਾਧ ਸੰਗਤ ਡਰਬੀ
ਵਿਸ਼ੇਸ਼ ਸਹਿਯੋਗ : ਗੁਰੂ ਅਰਜਨ ਦੇਵ ਗੁਰਦੁਆਰਾ ਪ੍ਰਬੰਧਕ ਕਮੇਟੀ (07916253241, 01332-776872)

# ਸਿੱਖ ਕ੍ਰਿਸਮਸ ਨਹੀਂ, ਸ਼ਹੀਦੀ ਹਫ਼ਤਾ ਮਨਾਉਂਦੇ ਹਨ

ਇਸ ਹਫ਼ਤੇ ਜਿੱਥੇ ਹਰ ਪਾਸੇ ਕ੍ਰਿਸਮਸ ਦੀ ਧੂਮ ਹੈ, ਉਥੇ ਹੀ ਸਿੱਖ ਭਾਈਚਾਰੇ ਦੇ ਲੋਕ ਇਸਨੂੰ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਮਨਾਉਂਦੇ ਹਨ। ਇਸ ਇੱਕ ਹਫ਼ਤੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਸ਼ਹੀਦ ਹੋ ਗਿਆ ਸੀ। ਨਾਨਕਸ਼ਾਹੀ ਕੈਲੰਡਰ ਦੇ ਅਨੁਸਾਰ 21 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਨੂੰ ਸਿੱਖ ਕੌਮ ਸ਼ਹੀਦੀ ਹਫ਼ਤੇ ਦੇ ਤੌਰ 'ਤੇ ਯਾਦ ਕਰਦੀ ਹੈ। ਸ਼ਰਧਾਵਾਨ ਸਿੱਖ ਜ਼ਮੀਨ 'ਤੇ ਸੌਂ ਕੇ ਮਾਤਾ ਗੁਜਰੀ ਜੀ ਨੂੰ ਯਾਦ ਕਰਦੇ ਹਨ। ਦਰਅਸਲ ਦਸੰਬਰ ਦੀ ਇਸ ਕੜਕੜਾਉਂਦੀ ਠੰਢ ਵਿੱਚ ਮਾਤਾ ਗੁਜਰੀ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਠੰਡੇ ਬੁਰਜ ਵਿੱਚ ਖੁੱਲ੍ਹੇ ਆਸਮਾਨ ਹੇਠ ਕੈਦ ਕਰਕੇ ਰੱਖਿਆ ਗਿਆ ਸੀ। ਪੂਰੇ ਹਫ਼ਤੇ ਵਿੱਚ ਕਿਸ ਦਿਨ ਕੀ ਹੋਇਆ, ਦੱਸ ਰਹੇ ਹਾਂ। - ਸਿਮਰਨਜੀਤ ਸਿੰਘ

## 21 ਦਸੰਬਰ



**ਇਸ ਦਿਨ** ਗੁਰੂ ਗੋਬਿੰਦ ਸਿੰਘ ਜੀ ਆਪਣੇ ਚਾਰੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਕੇ ਚਲੇ ਗਏ ਸਨ। ਅਚਾਨਕ ਮੁਗਲਾਂ ਦੀ ਵਿਸ਼ਾਲ ਸੈਨਾ ਨੇ ਆਨੰਦਪੁਰ ਸਾਹਿਬ ਕਿਲੇ 'ਤੇ ਹਮਲਾ ਕਰ ਦਿੱਤਾ ਸੀ। ਗੁਰੂ ਸਾਹਿਬ ਉਨ੍ਹਾਂ ਨਾਲ ਲੜਨਾ ਚਾਹੁੰਦੇ ਸਨ ਪਰ ਉਥੇ ਮੌਜੂਦ ਹੋਰ ਸਿੱਖਾਂ ਨੇ ਉਨ੍ਹਾਂ ਨੂੰ ਉਥੋਂ ਜਾਣ ਲਈ ਕਿਹਾ, ਜਿਸ ਤੋਂ ਬਾਅਦ ਗੁਰੂ ਗੋਬਿੰਦ ਸਾਹਿਬ ਨੇ ਆਪਣੇ ਪਰਿਵਾਰ ਦੇ ਨਾਲ ਆਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ। ••

## 22 ਦਸੰਬਰ



**ਆਨੰਦਪੁਰ** ਸਾਹਿਬ ਦਾ ਕਿਲਾ ਛੱਡ ਕੇ ਗੁਰੂ ਸਾਹਿਬ ਜਦੋਂ ਪਰਿਵਾਰ ਸਮੇਤ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਪਾਣੀ ਦਾ ਵਹਾਅ ਇੰਨਾ ਤੇਜ਼ ਸੀ ਕਿ ਉਨ੍ਹਾਂ ਦਾ ਪੂਰਾ ਪਰਿਵਾਰ ਵਿਛੜ ਗਿਆ। ਵਿਛੜਨ ਤੋਂ ਬਾਅਦ ਗੁਰੂ ਸਾਹਿਬ ਆਪਣੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸਮੇਤ ਚਮਕੌਰ ਪਹੁੰਚ ਗਏ। ਉਥੇ ਮਾਤਾ ਗੁਜਰੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਨੂੰ ਗੁਰੂ ਸਾਹਿਬ ਦਾ ਸੇਵਕ ਰਹਿ ਚੁੱਕਾ ਗੰਗੂ ਨਾਮਕ ਬ੍ਰਾਹਮਣ ਆਪਣੇ ਨਾਲ ਲੈ ਗਿਆ, ਪਰ ਉਸਨੇ ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੂੰ ਇਸਦੀ ਸੂਚਨਾ ਦੇ ਦਿੱਤੀ। ਫਿਰ ਵਜ਼ੀਰ ਖ਼ਾਨ ਨੇ ਉਨ੍ਹਾਂ ਨੂੰ ਕੈਦ ਕਰ ਲਿਆ। ••

## 23 ਦਸੰਬਰ



**ਇਸ ਦਿਨ** ਚਮਕੌਰ ਦਾ ਯੁੱਧ ਹੋਇਆ, ਜਿਸ ਵਿੱਚ ਮੁਗਲਾਂ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੈਨਾ ਆਹਮਣੇ-ਸਾਹਮਣੇ ਸੀ। ਅਜਿਹਾ ਕਿਹ ਜਾਂਦਾ ਹੈ ਕਿ ਮੁਗਲਾਂ ਦੀ ਸੈਨਾ ਹਜ਼ਾਰਾਂ ਦੀ ਗਿਣਤੀ ਵਿੱਚ ਸੀ ਜਦਕਿ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ। ਇਸਦੇ ਬਾਵਜੂਦ ਉਨ੍ਹਾਂ ਨੇ ਬਹਾਦਰੀ ਦਿਖਾਉਂਦੇ ਹੋਏ ਮੁਗਲਾਂ ਨਾਲ ਲੋਹਾ ਲਿਆ। ਯੁੱਧ ਵਿੱਚ ਆਪਣੇ ਸੈਨਿਕਾਂ ਨੂੰ ਸ਼ਹੀਦ ਹੁੰਦੇ ਦੇਖ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਕਿ ਉਹ ਯੁੱਧ ਵਿੱਚ ਜਾ ਕੇ ਕੌਮ ਦੇ ਲਈ ਲੜਨਾ ਚਾਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਆਗਿਆ ਦਿੰਦੇ ਹੋਏ ਯੁੱਧ ਵਿੱਚ ਉਤਾਰਿਆ, ਜਿਸ ਵਿੱਚ ਉਨ੍ਹਾਂ ਨੇ ਇੱਕ ਦੇ ਬਾਅਦ ਇੱਕ ਮੁਗਲ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਇਸ ਦਰਮਿਆਨ ਉਹ ਖ਼ੁਦ ਵੀ ਸ਼ਹੀਦ ਹੋ ਗਏ। ਵੱਡੇ ਭਰਾ ਨੂੰ ਯੁੱਧ ਵਿੱਚ ਸ਼ਹੀਦ ਹੁੰਦਾ ਦੇਖ ਬਾਬਾ ਜੁਝਾਰ ਸਿੰਘ ਵੀ ਪਿਤਾ ਜੀ ਦੀ ਆਗਿਆ ਲੈ ਕੇ ਯੁੱਧ ਵਿੱਚ ਉਤਰੇ ਅਤੇ ਉਨ੍ਹਾਂ ਨੇ ਵੀ ਮੁਗਲੀਆ ਸੈਨਾ ਨਾਲ ਲੋਹਾ ਲਿਆ। ਛੋਟੀ ਜਿਹੀ ਉਮਰ ਵਿੱਚ ਉਨ੍ਹਾਂ ਨੇ ਕਈ ਮੁਗਲਾਂ ਨੂੰ ਮੌਤ ਦੇ ਘਾਟ ਉਤਾਰਿਆ ਅਤੇ ਉਹ ਵੀ ਸ਼ਹੀਦ ਹੋ ਗਏ। ਇਹ ਪੂਰਾ ਨਜ਼ਾਰਾ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੇ ਕਿਲੇ ਤੋਂ ਦੇਖ ਰਹੇ ਸਨ। ••

## 24 ਦਸੰਬਰ



**ਸ੍ਰੀ ਗੁਰੂ** ਗੋਬਿੰਦ ਸਿੰਘ ਜੀ ਇਸ ਯੁੱਧ ਵਿੱਚ ਜਾਣਾ ਚਾਹੁੰਦੇ ਸਨ ਪਰ ਹੋਰ ਸਿੱਖਾਂ ਨੇ ਆਪਣੇ ਅਧਿਕਾਰਾਂ ਦਾ ਇਸਤੇਮਾਲਕਰਦਿਆਂ ਹੋਇਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਉਥੋਂ ਜਾਣ ਲਈ ਕਿਹਾ। ਗੁਰੂ ਸਾਹਿਬ ਇਸਨੂੰ ਮੰਨਣ ਨੂੰ ਤਿਆਰ ਨਹੀਂ ਸਨ ਪਰ ਹੋਰ ਸਿੱਖਾਂ ਦੇ ਅੱਗੇ ਉਨ੍ਹਾਂ ਨੂੰ ਮਜਬੂਰ ਹੋ ਕੇ ਉਥੋਂ ਜਾਣਾ ਪਿਆ। ਇਸ ਦਰਮਿਆਨ ਉਥੇ ਬਚੇ ਸਿੱਖਾਂ ਨੇ ਮੁਗਲੀਆ ਸੈਨਾ ਨਾਲ ਯੁੱਧ ਕੀਤਾ ਅਤੇ ਲੜਦੇ-ਲੜਦੇ ਸ਼ਹੀਦ ਹੋ ਗਏ। ••

## 25 ਦਸੰਬਰ



**ਜਦੋਂ ਸ੍ਰੀ** ਗੁਰੂ ਗੋਬਿੰਦ ਸਿੰਘ ਜੀ ਇੱਕ ਪਿੰਡ ਪਹੁੰਚੇ ਤਾਂ ਉਥੇ ਉਨ੍ਹਾਂ ਨੂੰ ਬੀਬੀ ਹਰਸ਼ਰਨ ਕੌਰ ਮਿਲੀ, ਜੋ ਗੁਰੂ ਗੋਬਿੰਦ ਸਿੰਘ ਜੀ ਨੂੰ ਆਦਰਸ਼ ਮੰਨਦੀ ਸੀ। ਉਨ੍ਹਾਂ ਨੇ ਸਾਹਿਬਜ਼ਾਦਿਆਂ ਬਾਰੇ ਪੁੱਛਿਆ, ਤਦ ਉਨ੍ਹਾਂ ਦੀ ਸ਼ਹੀਦੀ ਬਾਰੇ ਪਤਾ ਲੱਗਾ। ਇਹ ਸੁਣ ਕੇ ਬੀਬੀ ਹਰਸ਼ਰਨ ਕੌਰ ਤੁਰੰਤ ਚਮਕੌਰ ਪਹੁੰਚੀ, ਜਿੱਥੇ ਉਨ੍ਹਾਂ ਨੇ ਸ਼ਹੀਦ ਸਿੰਘਾਂ ਦੀਆਂ ਲਾਸ਼ਾਂ ਨੂੰ ਦੇਖਿਆ। ਮੁਗਲ ਚਾਹੁੰਦੇ ਸਨ ਕਿ ਇਨ੍ਹਾਂ ਦਾ ਅੰਤਿਮ ਸੰਸਕਾਰ ਨਾ ਕੀਤਾ ਜਾ ਸਕੇ ਅਤੇ ਚੀਲਾਂ, ਗਿੱਧ ਇਨ੍ਹਾਂ ਨੂੰ ਖਾਣ, ਪਰ ਬੀਬੀ ਹਰਸ਼ਰਨ ਕੌਰ ਨੇ ਉਥੇ ਪਹੁੰਚ ਕੇ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕੀਤਾ। ਇਹ ਸਭ ਮੁਗਲ ਸੈਨਾ ਨੇ ਦੇਖ ਲਿਆ। ਉਨ੍ਹਾਂ ਨੇ ਬੀਬੀ ਹਰਸ਼ਰਨ ਕੌਰ ਨੂੰ ਗੁਰੂ ਸਾਹਿਬ ਬਾਰੇ ਪੁੱਛਿਆ ਪਰ ਉਨ੍ਹਾਂ ਕੁਝ ਨਹੀਂ ਦੱਸਿਆ, ਇਸ ਤੋਂ ਬਾਅਦ ਮੁਗਲਾਂ ਨੇ ਉਨ੍ਹਾਂ ਨੂੰ ਵੀ ਅੱਗ ਵਿੱਚ ਧਕੇਲ ਦਿੱਤਾ ਅਤੇ ਉਹ ਸ਼ਹੀਦ ਹੋ ਗਈ। ••

## 26-27 ਦਸੰਬਰ



**ਮਾਤਾ ਗੁਜਰੀ** ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਂ ਨੇ ਕੈਦ ਕਰ ਲਿਆ ਸੀ। ਇਸ ਦਿਨ ਉਸਦੀ ਕਚਹਿਰੀ ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਪੇਸ਼ੀ ਸੀ, ਜਿੱਥੇ ਵਜੀਰ ਖਾਨ ਨ ਛੋਟੇ ਸਾਹਿਬਜ਼ਾਦਿਆਂ ਨੂੰ ਬੇਹੱਦ ਡਰਾਇਆ-ਧਮਕਾਇਆ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨ ਲਈ ਕਿਹਾ, ਪਰ ਛੋਟੇ ਸਾਹਿਬਜ਼ਾਦਿਆਂ ਨੇ ਬਹਾਦਰੀ ਨਾਲ ਜਵਾਬ ਦਿੰਦੇ ਹੋਏ ਕਿਹਾ ਕਿ 'ਅਸੀਂ ਗੋਬਿੰਦ ਸਿੰਘ ਦੇ ਬੇਟੇ ਹਾਂ। ਮਰ ਜਾਵਾਂਗੇ ਪਰ ਧਰਮ ਨਹੀਂ ਤਿਆਗਾਂਗੇ।' ਇਸ ਦੌਰਾਨ ਉਨ੍ਹਾਂ ਨੇ ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਵੀ ਲਗਾਏ, ਜਿਸਨੂੰ ਸੁਣ ਕੇ ਵਜ਼ੀਰ ਖਾਂ ਅਤੇ ਹੋਰ ਲੋਕ ਗੁੱਸੇ ਵਿੱਚ ਆ ਗਏ ਅਤੇ ਉਨ੍ਹਾਂ ਨੇ ਅਗਲੇ ਦਿਨ ਆਉਣ ਲਈ ਕਿਹਾ ਅਤੇ ਨਾਲ ਹੀ ਇਹ ਵੀ ਕਿਹਾ ਕਿ ਕਲ ਜਾਂ ਤਾਂ ਧਰਮ ਪਰਿਵਰਤਨ ਕਰੋ ਜਾਂ ਮਰਨ ਲਈ ਤਿਆਰ ਰਹੋ। ••

## 28 ਦਸੰਬਰ



**ਠੰਡੇ ਬੁਰਜ** ਵਿੱਚ ਕੈਦ ਸਾਹਿਬਜ਼ਾਦਿਆਂ ਦੀ ਦਾਦੀ ਮਾਤਾ ਗੁਜਰੀ ਜੀ ਨੇ ਦੋਵੇਂ ਸਾਹਿਬਜ਼ਾਦਿਆਂ ਨੂੰ ਬੇਹੱਦ ਪਿਆਰ ਨਾਲ ਤਿਆਰ ਕਰਕੇ ਦੋਬਾਰਾ ਸੂਬੇ ਦੀ ਕਚਹਿਰੀ ਵਿੱਚ ਭੇਜਿਆ। ਇੱਥੇ ਇੱਕ ਵਾਰ ਫਿਰ ਵਜ਼ੀਰ ਖ਼ਾਨ ਨੇ ਸਾਹਿਬਜ਼ਾਦਿਆਂ ਨੂੰ ਧਰਮ ਬਦਲਣ ਲਈ ਕਿਹਾ ਪਰ ਸਾਹਿਬਜ਼ਾਦਿਆਂ ਨੇ ਫਿਰ ਮਨਾ ਕਰ ਦਿੱਤਾ। ਇੱਕ ਵਾਰ ਫਿਰ ਜੈਕਾਰੇ ਲੱਗਣ ਲੱਗੇ। ਇਹ ਸੁਣ ਵਜ਼ੀਰ ਖ਼ਾਨ ਤਿਲਮਿਲਾ ਉੱਠਿਆ ਅਤੇ ਉਸਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿੱਚ ਚਿਣਵਾਉਣ ਦਾ ਹੁਕਮ ਦੇ ਦਿੱਤਾ। ਇਹ ਸੁਣਕੇ ਵੀ ਛੋਟੇ ਸਾਹਿਬਜਦਿਆਂ ਦਾ ਹੌਸਲਾ ਨਹੀਂ ਡਗਮਗਾਇਆ। ਇਸ ਤਰ੍ਹਾਂ ਵਜ਼ੀਰ ਖ਼ਾਨ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣਵਾ ਕੇ ਸ਼ਹੀਦ ਕਰ ਕਰਵਾ ਦਿੱਤਾ। ਜਿਉਂ ਹੀ ਮਾਤਾ ਗੁਜਰੀ ਜੀ ਤੱਕ ਇਹ ਖ਼ਬਰ ਪਹੁੰਚੀ, ਉਨ੍ਹਾਂ ਨੇ ਵੀ ਪ੍ਰਾਣ ਤਿਆਗ ਦਿੱਤੇ ਅਤੇ ਇਸ ਇੱਕ ਦਿਨ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ••

## 29 ਦਸੰਬਰ



**ਵਜ਼ੀਰ ਖ਼ਾਨ** ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦਾ ਅੰਤਿਮ ਸੰਸਕਾਰ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ, ਪਰ ਦੀਵਾਨ ਟੋਡਰ ਮੱਲ ਨੇ ਵਜ਼ੀਰ ਖ਼ਾਨ ਤੋਂ ਉਨ੍ਹਾਂ ਦਾ ਅੰਤਿਮ ਸੰਸਕਾਰ ਕਰਨ ਦੀ ਇਜਾਜ਼ਤ ਮੰਗੀ। ਵਜ਼ੀਰ ਖ਼ਾਨ ਨੇ ਟੋਡਰਮੱਲ ਅੱਗੇ ਸ਼ਰਤ ਰੱਖੀ ਕਿ ਉਹ ਜਿੰਨੀ ਜਗ੍ਹਾ 'ਤੇ ਸੰਸਕਾਰ ਕਰਨਾ ਚਾਹੁੰਦਾ ਹੈ, ਉਨੀ ਜਗ੍ਹਾ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਦੇਵੇ। ਇਹ ਸੁਣਕੇ ਟੋਡਰਮੱਲ ਨੇ ਉਸ ਪੂਰੇ ਹਿੱਸੇ 'ਤੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਜ਼ਮੀਨ ਲੈ ਲਈ ਅਤੇ ਮਾਤਾ ਗੁਜਰੀ ਜੀ ਅਤੇ ਦੋਵੇਂ ਸਾਹਿਬਜ਼ਾਦਿਆਂ ਦਾ ਅੰਤਿਮ ਸੰਸਕਾਰ ਕਰ ਦਿੱਤਾ। ••

ਆਵਾਜ਼ਿ ਕੌਮ
AWAZE QAUM
International Newspaper & WEB TV

ੴ ਸਤਿਗੁਰ ਪ੍ਰਸਾਦਿ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

# ਅੰਤਿਮ ਅਰਦਾਸ ਸਮਾਗਮ



ਆਪ ਜੀ ਨੂੰ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ

## ਮਾਤਾ ਗੁਰਬਚਨ ਕੌਰ ਜੀ ਮੱਤੇਵਾਲ

ਆਪਣੀ ਸੰਸਾਰਿਕ ਯਾਤਰਾ ਨੂੰ ਪੂਰਾ ਕਰਦੇ ਹੋਏ ਮਿਤੀ 21 ਦਸਬੰਰ 2024 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਕੇ ਗੁਰੂ ਚਰਨਾਂ ਵਿੱਚ ਜਾ ਵਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ

**ਸ਼੍ਰੀ ਅਖੰਡ ਸਾਹਿਬ ਪਾਠ ਦੇ ਭੋਗ ਮਿਤੀ 29 ਦਸਬੰਰ 2024 ਐਤਵਾਰ ਦਿਨ ਨੂੰ**

## ਗੁਰਦੁਆਰਾ ਸਾਹਿਬ ਪਿੰਡ ਮੱਤੇਵਾਲ, ਜਿਲਾ ਅੰਮ੍ਰਿਤਸਰ

ਸਮਾਂ 12:00 ਤੋਂ 1:00 ਵਜੇ ਤੱਕ ਪਵੇਗਾ। ਸੋ ਆਪ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ

ਵਿਸ਼ੇਸ਼ ਤੋਰ ਤੇ ਪਹੁੰਚ ਰਹੇ

**ਗਿਆਨੀ ਸੁਖਦੇਵ ਸਿੰਘ ਜੀ ਸਾਧਪੁਰ**

ਫਰਾਸ਼ ਸਚਖੰਡ ਸ੍ਰੀ ਹਰਿਮੰਦਰ ਸਾਹਿਬ
ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ



ਗੁਰਪ੍ਰੀਤ ਸਿੰਘ ਮੱਤੇਵਾਲ ਅਤੇ ਸਮੂਹ ਪਰਿਵਾਰ
ਫੋਨ ਨੰ: +91 98766-75854

ਆਵਾਜ਼ਿ ਕੌਮ AWAZE QAUM
International Newspaper & WEB TV

ਜੇਹਾ ਚਿਰੀ ਲਿਖਿਆ ਤੇਹਾ ਹੁਕਮੁ ਕਮਾਹਿ ।
ਘੱਲੇ ਆਵੈ ਨਾਨਕਾ ਸੱਦੇ ਉਠੀ ਜਾਹਿ ॥

# ਉੱਘੇ ਸਮਾਜ ਸੇਵੀ ਅਤੇ ਫੋਰਟਲ ਕੰਪਨੀ ਦੇ ਮਾਲਕ ਸੁਰਿੰਦਰ ਸਿੰਘ ਨਿੱਝਰ ਜੀ

## ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ 29 ਦਸੰਬਰ ਨੂੰ



ਸਵ. ਸੁਰਿੰਦਰ ਸਿੰਘ ਨਿੱਝਰ (ਇੰਗਲੈਂਡ)

ਉੱਘੇ ਸਮਾਜ ਸੇਵੀ ਅਤੇ ਫੋਰਟਲ ਕੰਪਨੀ ਦੇ ਮਾਲਕ ਸੁਰਿੰਦਰ ਸਿੰਘ ਨਿੱਝਰ ਜੋ ਕਿ ਪਿਛਲੇ ਦਿਨੀਂ ਪੰਜਾਬ ਦੀ ਧਰਤੀ ਤੇ ਗਏ ਸਨ ਉਥੇ ਅਕਾਲ ਚਲਾਣਾ ਕਰ ਗਏ ਸਨ ਉਨਾਂ ਦੇ ਨਮਿਤ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ 29 ਦਸੰਬਰ ਦਿਨ ਐਤਵਾਰ ਨੂੰ 2 ਵਜੇ ਤੋਂ 4 ਵਜੇ ਤਕ ਗੁਰੂ ਨਾਨਕ ਗੁਰਦਵਾਰਾ ਵੈਨਸਫੀਲ਼ਡ ਵਿਖੇ ਰੱਖੇ ਜਾਣਗੇ ਸਮੂੰਹ ਮਿੱਤਰਾਂ ਦੋਸਤਾਂ ਰਿਸ਼ਤੇਦਾਰਾਂ ਨੂੰ ਪਹੁੰਚਣ ਦੀ ਬੇਨਤੀ ਹੈ

**IN LOVING MEMORY**

**SURINDER SINGH NIJJER**

**29TH DECEMBER 2024**

**2PM- SUKHMANI SAHIB ARAMBH**

**FOLLOWED BY KIRTAN AND GURU KA LANGAR**

**GURU NANAK GURDWARA WEDNESFIELD, WELL LANE**
**WEDNESFIELD, WOLVERHAMPTON, WV11 1XT**

ਅਸੀਂ ਅਦਾਰਾ 'ਆਵਾਜ਼ਿ ਕੌਮ' ਵੱਲੋਂ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਪਰਮਾਤਮਾ ਸੁਰਿੰਦਰ ਸਿੰਘ ਨਿੱਝਰ ਜੀ ਦੀ ਪਵਿੱਤਰ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ।

ਆਵਾਜ਼ਿ ਕੌਮ
AWAZE QAUM
International Newspaper & WEB TV

# ਆਵਾਜ਼ਿ ਕੌਮ
# AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼


**RAGHBIR SINGH (Call : +44 7976 210161)**

**121. Broadway west Walsall, West Midlands, WS1 4DW, England uk**


## ਵਾਹਿਗੁਰੂ ਜੀ ਕੀ ਖਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥



ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB



ਸ੍ਰੀ ਪਟਨਾ ਸਾਹਿਬ
SRI PATNA SAHIB



ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB



ਸ੍ਰੀ ਦਮਦਮਾ ਸਾਹਿਬ
SRI DAMDAMA SAHIB



ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 10 ਫਰਵਰੀ 2025 ਤੋਂ 20 ਫਰਵਰੀ 2025 ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਵਾਰਾ ਸ਼੍ਰੀ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 10 ਫਰਵਰੀ, 2025 ਨੂੰ ਸ਼ੁਰੂ ਹੋਵੇਗੀ ਤੇ ਇੱਥੇ 20 ਫਰਵਰੀ, 2025 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ਼੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ਼੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ☛ ਲਗਜਰੀ ਹੋਟਲਾਂ 'ਚ ਸਟੇਅ
- ☛ ਬਰੇਕਫਾਸਟ ਅਤੇ ਡਿਨਰ ਸ਼ਾਮਲ
- ☛ ਲਗਜਰੀ ਏ. ਸੀ. ਟਰਾਂਸਪੋਰਟੇਸ਼ਨ।
- ☛ ਚੰਡੀਗੜ੍ਹ ਤੋਂ ਹੈਦਰਾਬਾਦ ਅਤੇ ਵਾਪਸੀ 'ਤੇ ਹੈਦਰਾਬਾਦ ਤੋਂ ਚੰਡੀਗੜ੍ਹ ਦਾ ਸਫਰ ਹਵਾਈ ਜਹਾਜ਼ ਰਾਹੀਂ।
- ☛ ਹਰ ਧਾਰਮਿਕ ਅਤੇ ਇਤਿਹਾਸਕ ਜਾਣਕਾਰੀ ਮੁਹੱਈਆ ਕਰਵਾਉਣ ਲਈ ਗਾਈਡ ਨਾਲ ਹੋਣਗੇ।

**ਇੰਡੀਆਂ ਵਿਚ ਜੁਆਇਨ ਕਰਨ ਵਾਲਿਆਂ ਲਈ ਕੇਵਲ 1190 ਬ੍ਰਿਟਿਸ਼ ਪਾਉਂਡ ਪਰ ਯਾਤਰੀ ਹੋਵੇਗਾ।**

**ਯੂ ਕੇ ਤੋਂ ਅੰਤਰਰਾਸ਼ਟਰੀ ਹਵਾਈ ਸਫ਼ਰ ਸਮੇਤ 1890 ਬ੍ਰਿਟਿਸ਼ ਪਾਉਂਡ ਪਰ ਯਾਤਰੀ ਹੋਵੇਗਾ।**

ਬੁੱਕ ਕਰਨ ਦੇ ਲਈ 600 ਪਾਉਂਡ ਐਡਵਾਂਸ ਦੇ ਤੌਰ ਤੇ ਜਮਾ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

**ਅਕਾਊਂਟ ਨੰਬਰ ਤੇ ਡਿਟੇਲ**

**Account Name: RAGHBIR SINGH**
**Bank Name : HALIFAX**
**Sort Code : 11-08-07**
**Account No. : 00516474**


ਸੰਪਰਕ ਨੰ. :

**+44 7458 381111 +44 7976 210161**

**email: gnstuk@hotmail.com**


To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

*There might be an additional cost if you need direct return flight Atq –Lhr/Bhxorif your return flight is on busy dates (for example mid-term holidays etc.)


**ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।**

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ

# ਪੰਜ ਤਖ਼ਤ ਯਾਤਰਾ

**10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :**

### 10 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 11 ਫਰਵਰੀ (ਦਿਨ 2)




ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਊਜੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 12 ਫਰਵਰੀ (ਦਿਨ 3)




ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋ ਫਿਕਸਡ ਮੈਨਿਊ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 13 ਫਰਵਰੀ (ਦਿਨ 4)




ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 14 ਫਰਵਰੀ (ਦਿਨ 5)




ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 15 ਫਰਵਰੀ (ਦਿਨ 6)




ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 16 ਫਰਵਰੀ (ਦਿਨ 7)




ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 17 ਫਰਵਰੀ (ਦਿਨ 8)




ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 18 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਬਿ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 19 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ਼੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਊਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 20 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

**ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।**

ਆਵਾਜ਼ਿ ਕੌਮ
AWAZE QAUM

# AWAZE QAUM TOURS & TRAVELS

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**

**ਵਾਹਿਗੁਰੂ ਜੀ ਕੀ ਖਾਲਸਾ । ਵਾਹਿਗੁਰੂ ਜੀ ਕੀ ਫ਼ਤਹਿ ॥**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2025 (10th Feb – 20thFeb 2025). During the stay we will try to provide you with all the possible facilities to make this trip a memorable one.**

## Trip Package Includes

**Visit to Takhat Patna Sahib & other 5 Gurudwaras - Hyderabad (Museum & Char Minar) - Takhat Hazoor Sahib & other 8 Gurudwaras - Takhat Keshgarh Sahib Sahib & other 8 Gurudwaras - Damdama Sahib & other 3 Gurudwaras. - Akal Takth, Sri Harimandir Sahib, Jallianwala Bagh & Wagah Border**

- Luxury Air-conditioned Coaches
- Luxury Hotel Stay (Sarai at Hazoor Sahib)
- Domestic Flights
- Guided Tours
- Flexibility to stay in India before & after the trip

**Cost If joining from India without international flights £ 1190 per person on Twin Sharing basis**

**Cost: If joining from UK with International flights - £1890 per person on Twin Sharing basis**

Deposit of £600 per person can be transferred into the following account (please write your name as a reference): Balance amount need to be deposited 2 weeks before the travel date.

**Account Name: RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

*There might be an additional cost if you need direct return flight Atq –Lhr/Bhxorif your return flight is on busy dates (for example mid-term holidays etc.)

**Program is subject to change without Prior Notice.**

## JOURNEY OF A LIFE TIME

# PANJ TAKHT YATRA

## 5 TAKHAT YATRA - 10 NIGHTS / 11 DAYS

### 10th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum (if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 11th Feb. Day 2nd.



Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 12th Feb Day 3rd



After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 13th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 14th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 15th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 16th Feb Day 7th



After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 17th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 18Th Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 19th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 20th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**

CELEBRATING THE LIFE OF

# Surjit Kaur SAHOTA

17th January 1930 - 17th December 2024



ਆਵਾਜ਼ਿ ਕੌਮ AWAZE QAUM International Newspaper & WEB TV

**Funeral Notice**

## MONDAY 30TH DECEMBER 2024

**8.00am - 8.45am - Antim Ardaas and Darshan**

375 London Road, Stoneygate,
Leicester LE2 3JT


**9.30am - Crematorium Service**

Great Glen Crematorium, 9 London Rd,
Great Glen, Leicester LE8 9DJ

**10.15am - Bhog, Ardaas and Langar**

Guru Amar Das Gurdwara,
219 Clarendon Park Rd, Leicester LE2 3AN

ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਿਹ ॥



ਆਵਾਜ਼ਿ ਕੌਮ AWAZE QAUM International Newspaper & WEB TV

# ਮਹਾਨ ਸ਼ਹੀਦੀ ਸਮਾਗਮ

## 19 ਜਨਵਰੀ, 2025 (ਦਿਨ ਐਤਵਾਰ)

ਗੁਰੂ ਪਿਆਰੀ ਸਾਧ ਸੰਗਤ ਜੀ ਮੁਕਤਸਰ ਦੇ 40 ਮੁਕਤੇ ਤੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਹਰੇਕ ਸਾਲ ਦੀ ਤਰਾਂ ਸ਼ਹੀਦੀ ਸਮਾਗਮ ਹੋ ਰਿਹਾ ਹੈ । ਸਾਰੀਆਂ ਸੰਗਤਾਂ ਨੂੰ ਪਰਿਵਾਰ ਸਮੇਤ ਪਹੁੰਚਣ ਦਾ ਖੁੱਲਾ ਸੱਦਾ ਦਿੱਤਾ ਜਾਂਦਾ ਹੈ। ਆਪ ਜੀ ਸਭ ਨੇ ਪਰਿਵਾਰ ਸਮੇਤ ਪਹਉਚਣ ਕ੍ਰਿਪਾਲਤਾ ਕਰਨੀ ਜੀ। ਆਪ ਜੀ ਦੇ ਅਤਿ ਧੰਨਵਾਦੀ ਹੋਵਾਂਗੇ।

--✶ ਪ੍ਰੋਗਰਾਮ ✶--

19 ਜਨਵਰੀ 2025 ਦਿਨ ਐਤਵਾਰ ਭੋਗ ਸ੍ਰੀ ਸਹਿਜ ਪਾਠ ਦਾ ਸਵੇਰੇ 10 ਵਜੇ

ਸ਼ਬਦ ਕੀਰਤਨ ,ਕਥਾ ਅਤੇ ਢਾਡੀ ਜਥਾ ਪ੍ਰਸੰਗ ਸੁਣਾਵੇਗਾ

ਆਪ ਜੀ ਦਾ ਸਵਾਗਤ ਕਰਤਾ **ਸਰਦਾਰ ਬਲਜੀਤ ਸਿੰਘ ਕੰਗ ਅਤੇ ਪਰਿਵਾਰ**

✶ ਵਧੇਰੇ ਜਾਣਕਾਰੀ 07780605230 ✶

**Address: GURDWARA BABA SANG JI**

**9 St Paul's Rd, Smethwick Birmingham B66 1EE**

### ਸ੍ਰੀ ਗੁਰੂ ਰਾਮਦਾਸ ਸੇਵਾ ਸੁਸਾਇਟੀ ਵਡਾਲੀ ਡੋਗਰਾਂ ਵੱਲੋਂ ਸਹਿਬਜ਼ਾਦਿਆਂ ਅਤੇ ਸਿੰਘਾਂ ਸਿੰਘਣੀਆਂ ਦੀ

# ਅਦੁੱਤੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ : ਭਾਈ ਸਾਹਿਬ ਸਿੰਘ



**ਜੰਡਿਆਲਾ ਗੁਰੂ, 28 ਦਸੰਬਰ ( ਕੁਲਵੰਤ ਸਿੰਘ ਵਿਰਦੀ )**-ਦਸਮੇਸ਼ ਪਿਤਾ ਜੀ ਦੇ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ , ਬਾਬਾ ਜ਼ੋਰਾਵਰ ਸਿੰਘ ਜੀ , ਬਾਬਾ ਫਤਹਿ ਸਿੰਘ ਜੀ , ਸਤਿਕਾਰਯੋਗ ਮਾਤਾ ਗੁਜ਼ਰ ਕੋਰ ਜੀ ਤੇ ਸਮੂਹ ਸ਼ਹੀਦ ਸਿੰਘ ਸਿੰਘਣੀਆਂ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਹੋਇਆਂ ਗੁਰਦੁਆਰਾ ਸਿੰਘ ਸਭਾ ਸਾਹਿਬ ਪਿੰਡ ਵਡਾਲੀ ਡੋਗਰਾਂ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ ਰਜਿ.ਪਿੰਡ ਵਡਾਲੀ ਡੋਗਰਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦੀ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਨੇ ਅੱਗੇ ਦੱਸਿਆ ਕਿ ਗੁਰਮਤਿ ਸਮਾਗਮ ਦੀ ਆਰੰਭਤਾ ਮੌਕੇ 4.30 ਤੋਂ ਵਜੇ ਤੋਂ 6.00 ਵਜੇ ਤੱਕ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ ਅਤੇ, 6.00 ਵਜੇ ਤੋਂ 6.30 ਵਜੇ ਤੱਕ ਰਹਿਰਾਸ ਸਾਹਿਬ ਦੇ ਪਾਠ ਕੀਤੇ ਗਏ , 6.30 ਤੋਂ 7.30 ਵਜੇ ਤੱਕ ਗ੍ਰੰਥੀ ਭਾਈ ਭੁਪਿੰਦਰ ਸਿੰਘ ਜੀ ਵੱਲੋਂ ਕੀਰਤਨ ਦੀ ਹਾਜ਼ਰੀ ਭਰੀ ਗਈ , ਉਪਰੰਤ 7.30 ਤੋਂ 8.30 ਵਜੇ ਤੱਕ ਭਾਈ ਅਮਨਦੀਪ ਸਿੰਘ , ਜੰਡਿਆਲਾ ਗੁਰੂ ਵੱਲੋਂ ਧੁਰ ਕੀ ਬਾਣੀ ਇਲਾਹੀ ਬਾਣੀ ਦੇ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਗਿਆ ਅਤੇ ਸੰਗਤਾਂ ਨੂੰ ਸ਼ਹਾਦਤ ਬਾਰੇ ਜਾਣੂੰ ਕਰਵਾਇਆ ਗਿਆ। ਉਹਨਾਂ ਨੇ ਦੱਸਿਆ ਕਿ ਮੁਗ਼ਲ ਹਕੂਮਤ ਵੱਲੋਂ ਸਾਹਿਬਜ਼ਾਦਿਆਂ ਨੂੰ ਕਈ ਪ੍ਰਕਾਰ ਦੇ ਲਾਲਚ ਦਿੱਤੇ ਗਏ ਪਰ ਸਾਹਿਬਜ਼ਾਦਿਆਂ ਨੇ ਆਪਣਾ ਧਰਮ ਨਹੀਂ ਛੱਡਿਆ , ਧਰਮ ਵਿੱਚ ਪੱਕੇ ਰਹੇ ,ਅਸੀਂ ਚੰਦ ਕੁ ਲਾਲਚ ਵਿੱਚ ਆਪਣਾ ਧਰਮ ਕਿਉਂ ਛੱਡੀਏ ਧਰਮ ਪਰਮਾਤਮਾ ਨੂੰ ਮੰਨਣ ਵਾਲਾ ਹੁੰਦਾ ਹੈ ਛੱਡਣ ਵਾਲਾ ਨਹੀਂ ਹੁੰਦਾ , ਕਿਉਂਕਿ ਦਸਮੇਸ਼ ਪਿਤਾ ਜੀ ਵੱਲੋਂ ਸਾਡੇ ਲਈ ਆਪਣਾ ਸਾਰਾ ਸਰਬੰਸ ਕੁਰਬਾਨ ਕਰ ਦਿੱਤਾ ਗਿਆ , ਬਾਬਾ ਮੋਤੀ ਰਾਮ ਮਹਿਰਾ ਜੀ ਤੇ ਦੀਵਾਨ ਟੋਡਰ ਮੱਲ ਦੀ ਸ਼ਹਾਦਤ ਬਾਰੇ ਵੀ ਦੱਸਿਆ ਗਿਆ। ਇਸ ਮੌਕੇ ਤੇ ਸੋਹਣੇ ਦਸਤਾਰਾਂ ਵਾਲੇ ਬੱਚਿਆਂ ਨੂੰ ਸਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ , ਇਸ ਮੌਕੇ ਤੇ ਸੁਸਾਇਟੀ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਤੋਂ ਇਲਾਵਾ, ਸੁਸਾਇਟੀ ਦੇ ਸਲਾਹਕਾਰ ਮਨਜਿੰਦਰ ਸਿੰਘ , ਸੁਸਾਇਟੀ ਦੇ ਮੈਂਬਰ ਸੰਦੀਪ ਸਿੰਘ ਬਾਊ, ਸੁਸਾਇਟੀ ਦੇ ਖਜਾਨਚੀ ਦਵਿੰਦਰਪਾਲ ਸਿੰਘ , ਸੁਸਾਇਟੀ ਦੇ ਸਲਾਹਕਾਰ ਹਰਭਜਨ ਸਿੰਘ ਮੌਜੀ , ਜੋਬਨਬੀਰ ਸਿੰਘ ਵਡਾਲੀ , ਸ਼ਮਸ਼ੇਰ ਸਿੰਘ , ਬਲਵੰਤ ਸਿੰਘ , ਦਰਸ਼ਨ ਸਿੰਘ ਫੋਜੀ , ਮੇਜਰ ਸਿੰਘ , ਬਲਵਿੰਦਰ ਸਿੰਘ ਜੋਸਨ , ਸੁਗਪ੍ਰੀਤ ਸਿੰਘ , ਜਸ਼ਨਪ੍ਰੀਤ ਸਿੰਘ ਵਡਾਲੀ , ਗੁਰਪ੍ਰੀਤ ਸਿੰਘ ਆਦਿ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

### ਡਾ. ਮਨਮੋਹਨ ਸਿੰਘ ਦੇ ਅੰਤਿਮ ਸਸਕਾਰ ਮੌਕੇ ਉਨ੍ਹਾਂ ਦੀ ਦੇਸ਼ ਪ੍ਰਤੀ ਕੀਤੀ ਘਾਲਣਾ ਨੂੰ ਨਦਰ ਅੰਦਾਜ਼ ਕਰਕੇ

# ਸਿੱਖਾਂ ਨੂੰ ਕਰਵਾਇਆ ਮਤਰੇਏਪਣ ਦਾ ਅਹਿਸਾਸ : ਸਰਨਾ



ਨਵੀਂ ਦਿੱਲੀ 28 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੋ ਕਿ 92 ਸਾਲ ਦੀ ਲੰਮੀ ਉਮਰ ਭੋਗਦੇ ਹੋਏ ਕੱਲ੍ਹ ਅਕਾਲ ਚਲਾਣਾ ਕਰ ਗਏ ਹਨ ਉਹਨਾਂ ਦੇ ਜਾਣ ਨਾਲ ਸਮੁੱਚੇ ਭਾਰਤ ਨੂੰ ਵੱਡਾ ਘਾਟਾ ਪਿਆ ਹੈ । ਉਹਨਾਂ ਨੇ ਭਾਰਤ ਨੂੰ ਆਰਥਿਕ ਤੌਰ ਤੇ ਮਜ਼ਬੂਤ ਕਰਨ ਲਈ ਅਹਿਮ ਭੂਮਿਕਾ ਨਿਭਾਈ ਸੀ ।ਇਸਦੇ ਨਾਲ ਹੀ ਉਹਨਾਂ ਸਾਡੀ ਦਸਤਾਰ ਦੇ ਸਨਮਾਨ ਨੂੰ ਅੰਤਰ ਰਾਸ਼ਟਰੀ ਪੱਧਰ ‘ਤੇ ਹੋਰ ਵਧਾਇਆ ।

### ਸਿੱਖ ਕੌਮ ਨਾਲ ਕੀਤਾ ਜਾ ਰਿਹਾ ਵਿਵਹਾਰ ਪੰਥ ਅੰਦਰ ਵਧਾ ਰਿਹਾ ਬੇਗਾਨਗੀ ਦੀ ਪ੍ਰਬਲ ਭਾਵਨਾ ਦਾ ਅਹਿਸਾਸ

ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਪ੍ਰੈਸ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਕੇਂਦਰ ਸਰਕਾਰ ਨੇ ਉਹਨਾਂ ਦੇ ਪਰਿਵਾਰ ਵੱਲੋਂ ਰਾਜ ਘਾਟ ਤੇ ਉਹਨਾਂ ਦਾ ਅੰਤਿਮ ਸੰਸਕਾਰ ਕਰਨ ਦੀ ਕੀਤੀ ਬੇਨਤੀ ਨੂੰ ਠੁਕਰਾਉਣਾ ਬੇਹੱਦ ਨਿੰਦਣਯੋਗ ਕਾਰਵਾਈ ਹੈ ।ਇਸ ਦੇਸ਼ ਨੂੰ ਸਮਰਪਿਤ ਰਹੇ ਇੱਕ ਨੇਕ ਇਨਸਾਨ ਦਾ ਨਿਰਾਦਰ ਹੀ ਨਹੀਂ ਸਗੋਂ ਇਹ ਸਾਡੀ ਦਸਤਾਰ ਦਾ ਨਿਰਾਦਰ ਹੈ। ਜਦੋਂ ਕਿ ਆਮ ਤੌਰ ਤੇ ਹੀ ਸਾਬਕਾ ਪ੍ਰਧਾਨ ਮੰਤਰੀਆਂ ਦਾ ਸੰਸਕਾਰ ਰਾਜ ਘਾਟ ਤੇ ਕਰਨ ਦੀ ਰਵਾਇਤ ਰਹੀ ਹੈ ।ਆਜ਼ਾਦੀ ਤੋਂ ਬਾਅਦ ਦੇ ਇਤਿਹਾਸ ਵਿੱਚ ਬਹੁਤ ਘੱਟ ਪ੍ਰਧਾਨ ਮੰਤਰੀ ਰਹੇ ਹਨ ਜਿੰਨਾ ਦਾ ਕਾਰਜਕਾਲ 10 ਸਾਲ ਜਾਂ ਇਸਤੋਂ ਵੱਧ ਸੀ । ਜਦਕਿ ਥੋੜੇ ਸਮੇਂ ਲਈ ਪ੍ਰਧਾਨ ਮੰਤਰੀ ਰਹਿਣ ਵਾਲੀਆਂ ਹਸਤੀਆਂ ਦਾ ਸੰਸਕਾਰ ਵੀ ਰਾਜ ਘਾਟ ਤੇ ਸਤਿਕਾਰ ਵਜੋਂ ਕੀਤਾ ਜਾਂਦਾ ਰਿਹਾ ਹੈ । ਪਰ ਕੇਂਦਰ ਸਰਕਾਰ ਵਲੋਂ ਇਕ ਅਜਿਹੇ ਸਾਬਕਾ ਪ੍ਰਧਾਨ ਮੰਤਰੀ ਜਿੰਨਾ ਨੇ ਦੇਸ਼ ਨੂੰ ਨਵੀਂ ਦਿਸ਼ਾ ਦਿੱਤੀ ਤੇ ਜੋ ਕਿ ਦੇਸ਼ ਦੇ ਇੱਕੋ ਇਕ ਸਿੱਖ ਪ੍ਰਧਾਨ ਮੰਤਰੀ ਸਨ ਦਾ ਇਸ ਤਰ੍ਹਾਂ ਅਪਮਾਨ ਕਰਨਾ ਸਾਬਤ ਕਰਦਾ ਹੈ ਕਿ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਤੇ ਦੇਸ਼ ਦੀ ਤਰੱਕੀ ‘ਚ ਸਭ ਤੋਂ ਜ਼ਿਆਦਾ ਯੋਗਦਾਨ ਦੇਣ ਵਾਲੀ ਸਿੱਖ ਕੌਮ ਨਾਲ ਸਰਕਾਰੀ ਪੱਧਰ ਤੇ ਵਿਤਕਰਾ ਕੀਤਾ ਜਾਂਦਾ ਹੈ । ਕਿਉਂਕਿ ਜੇਕਰ ਦੇਸ਼ ਦੀ ਨਿਰਸਵਾਰਥ ਸੇਵਾ ਕਰਨ ਵਾਲੇ ਇੱਕ ਸਾਬਕਾ ਪ੍ਰਧਾਨ ਮੰਤਰੀ ਨਾਲ ਅਜਿਹਾ ਹੋ ਸਕਦਾ ਹੈ ਤਾਂ ਆਮ ਸਿੱਖ ਬਾਰੇ ਤਾਂ ਕੁਝ ਕਹਿਣ ਦੀ ਲੋੜ ਨਹੀਂ । ਭਾਰਤ ਅੰਦਰ ਕੇਂਦਰ ਦੀ ਭਾਜਪਾ ਸਰਕਾਰ ਲਗਾਤਾਰ ਸਿੱਖ ਕੌਮ ਨਾਲ ਵਿਤਕਰੇ ਕਰ ਰਹੀ ਹੈ । ਜਿਨ੍ਹਾਂ ਵਿਚ ਨਾ ਤੇ ਬੰਦੀ ਸਿੰਘਾਂ ਦੀ ਰਿਹਾਈ ਕੇਂਦਰ ਸਰਕਾਰ ਕਰ ਰਹੀ ਹੈ, ਨਾ ਹੀ ਕਿਸਾਨੀ ਮਸਲੇ ਹੱਲ ਕਰ ਰਹੀ ਹੈ, ਸਾਡੇ ਗੁਰੂ ਘਰਾਂ ਤੇ ਸਿੱਧੇ ਅਸਿੱਧੇ ਕਬਜ਼ੇ ਹੋ ਰਹੇ ਹਨ ਤੇ ਹੁਣ ਇਕ ਸਾਬਕਾ ਸਿੱਖ ਪ੍ਰਧਾਨ ਮੰਤਰੀ ਨਾਲ ਅੰਤਮ ਸਮੇਂ ਇਸ ਤਰ੍ਹਾਂ ਦਾ ਵਿਤਕਰਾ ਇਹ ਮੌਜੂਦਾ ਸਰਕਾਰ ਦਾ ਸਿੱਖਾਂ ਪ੍ਰਤੀ ਰਵੱਈਆ ਸਪੱਸ਼ਟ ਕਰਦਾ ਹੈ । ਪਰ ਕੇਂਦਰ ਸਰਕਾਰ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਇਸ ਨਾਲ ਦੇਸ਼ ਦੀ ਤਰੱਕੀ ‘ਚ ਅਹਿਮ ਯੋਗਦਾਨ ਪਾਉਣ ਵਾਲੀ ਘੱਟ ਗਿਣਤੀ ਕੌਮ ਅੰਦਰ ਜੋ ਬੇਗਾਨਗੀ ਦਾ ਭਾਵਨਾ ਪ੍ਰਬਲ ਹੋਵੇਗੀ । ਉਸਦੀ ਜ਼ਿੰਮੇਵਾਰ ਵੀ ਕੇਂਦਰ ਸਰਕਾਰ ਹੋਵੇਗੀ ।

# ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਦੇ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ



**ਚੌਕ ਮਹਿਤਾ, 28 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਅੱਡਾ ਭੋਏ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣ ਉਪਰੰਤ ਦੀਵਾਨ ਸਜਾਇਆ ਗਿਆ । ਇਸ ਧਾਰਮਿਕ ਸਮਾਗਮ ਵਿੱਚ ਵਿਸੇਸ ਤੌਰ ਤੇ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਮੱਤੇਵਾਲ ਦੇ ਮੌਜੂਦਾ ਮੁੱਖੀ ਸ੍ਰੀ ਮਾਨ ਸੰਤ ਬਾਬਾ ਸੱਜਣ ਸਿੰਘ ਜੀ ਜਥੇ ਸਮੇਤ ਹਾਜਰੀਆ ਭਰੀਆਂ। ਇਸ ਮੌਕੇ ਸੰਗਤਾਂ ਵੱਲੋਂ ਸੰਤ ਬਾਬਾ ਸੱਜਣ ਸਿੰਘ ਜੀ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਾਲਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਤੇ ਭਾਈ ਮੇਜਰ ਸਿੰਘ ਭੋਏਵਾਲ ਨੇ ਸੰਗਤਾਂ ਨੂੰ ਸਹੀਦਾਂ ਦਾ ਇਤਹਾਸ ਸਰਵਨ ਕਰਵਾਇਆ ਗਿਆ, ਅਤੇ ਹੋਰ ਵੀ ਢਾਡੀ, ਕਵੀਸਰੀ, ਪ੍ਰਚਾਰਕ, ਕੀਰਤਨੀਏ ਜਥਿਆਂ ਨੇ ਹਾਜਰੀਆ ਭਰੀਆਂ ਇਸ ਮੌਕੇ ਤੇ ਭਾਈ ਨਿੰਦਰ ਸਿੰਘ ਬਾਠ, ਰਣਧੀਰ ਸਿੰਘ ਸਰਪੰਚ, ਬਲਜਿੰਦਰ ਸਿੰਘ, ਮਹਿੰਗਾ ਸਿੰਘ, ਸਤਨਾਮ ਸਿੰਘ ,ਮੇਜਰ ਸਿੰਘ ,ਨਛੱਤਰ ਸਿੰਘ ,ਭੁਪਿੰਦਰ ਸਿੰਘ, ਰਵੀ ,ਆਕਾਸ਼ ਸ਼ਰਨਜੀਤ ਸਿੰਘ,ਜਰਮਨਜੀਤ ਸਿੰਘ ਮਹਿਤਾਬ ,ਜੱਗੂ ,ਸੱਜਣ ਸਿੰਘ ,ਬਿੱਟੂ ਅੰਗਰੇਜ਼ ਸਿੰਘ, ਬਾਬਾ ਸੁਲੱਖਣ ਸਿੰਘ ਹੈਡ ਗ੍ਰੰਥੀ, ਆਦਿ ਬਹੁਤ ਗਿਣਤੀ ਵਿੱਚ ਸੰਗਤਾਂ ਹਾਜਰ ਸਨ। ਗੁਰੂ ਜੀ ਦੇ ਲੰਗਰ ਆਟੁਟ ਵਰਤੇਗੇ।

# ਗੁਰੂ ਕਾਸ਼ੀ ਯੂਨੀਵਰਸਿਟੀ ਨੇ ਕੀਤਾ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਨਮਨ



**ਤਲਵੰਡੀ ਸਾਬੋ, 28 ਦਸੰਬਰ (ਗੁਰਜੰਟ ਸਿੰਘ ਨਥੇਹਾ)**-ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਨਮਨ ਕਰਦੇ ਹੋਏ ਗੁਰੂ ਕਾਸ਼ੀ ਯੂਨੀਵਰਸਿਟੀ ਪਰਿਵਾਰ ਨੇ ਪ੍ਰੋ. (ਡਾ.) ਇੰਦਰਜੀਤ ਸਿੰਘ, ਵਾਈਸ ਚਾਂਸਲਰ ਦੀ ਪ੍ਰੇਰਣਾ ਅਤੇ ਵਰਸਿਟੀ ਪ੍ਰਬੰਧਕਾਂ ਦੇ ਸਹਿਯੋਗ ਸਦਕਾ ਸ਼ਰਧਾਲੂਆਂ ਲਈ ਕੇਸਰ ਦੁੱਧ ਦਾ ਲੰਗਰ ਲਗਾਇਆ। ਇਸ ਮੌਕੇ ਡਾ. ਸਿੰਘ ਨੇ ਕਿਹਾ ਕਿ ਪੰਜਾਬ ਦੀ ਧਰਤੀ ਪੀਰਾਂ, ਫਕੀਰਾਂ ਅਤੇ ਦੇਸ਼ ਭਗਤਾਂ ਦੀ ਧਰਤੀ ਹੈ। ਇੱਥੋਂ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ।ਉਨ੍ਹਾਂ ਕਿਹਾ ਕਿ ਚਾਰ ਸਾਹਿਬਜ਼ਾਦਿਆਂ ਵੱਲੋਂ ਦੇਸ਼, ਧਰਮ ਅਤੇ ਕੌਮ ਦੀ ਰਾਖੀ ਲਈ ਦਿੱਤੀ ਗਈ ਕੁਰਬਾਨੀ ਦੀ ਮਿਸਾਲ ਸਾਰੇ ਸੰਸਾਰ ਵਿੱਚ ਕਿੱਤੇ ਨਹੀਂ ਮਿਲਦੀ। ਉਨ੍ਹਾਂ ਵਿਦਿਆਰਥੀਆਂ ਨੂੰ ਗੁਰੂਆਂ ਵੱਲੋਂ ਦਿੱਤੀ ਸ਼ਹਾਦਤ ਤੋਂ ਪ੍ਰੇਰਣਾ ਲੈ ਕੇ ਉਨ੍ਹਾਂ ਵੱਲੋਂ ਵਿਖਾਏ ਰਸਤੇ ’ਤੇ ਚੱਲਣ ਲਈ ਕਿਹਾ। ਇਸ ਮੌਕੇ ਡਾ. ਗੁਰਜੀਤ ਸਿੰਘ ਖਾਲਸਾ, ਮੁਖੀ ਧਰਮ ਅਧਿਐਨ ਵਿਭਾਗ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਗੁਰਬਾਣੀ ਤੋਂ ਪ੍ਰੇਰਣਾ ਲੈ ਕੇ ਹੱਕ ਸੱਚ ਦੀ ਕਮਾਈ ਕਰਨੀ ਚਾਹੀਦੀ ਹੈ ਤੇ ਦੇਸ਼ ਦੀ ਰਾਖੀ ਲਈ ਹਮੇਸ਼ਾ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ।

# ਸੰਤ ਨਰੈਣ ਸਿੰਘ ਮੋਨੀ ਮੁਹਾਲੀ ਵਾਲਿਆਂ ਦੀ ਸਲਾਨਾ ਬਰਸੀ ਨੂੰ ਸਮਰਪਿਤ ਧਾਰਮਿਕ ਸਮਾਗਮ 1 ਤੋਂ 7 ਜਨਵਰੀ ਤੱਕ

**ਬਾਗੜੀਆ, ( ਰਣਜੀਤ ਸਿੰਘ ਪੇਧਨੀ )**-ਸੱਚਖੰਡ ਵਾਸੀ ਸ੍ਰੀਮਾਨ ਸੰਤ ਬਾਬਾ ਨਰੈਣ ਸਿੰਘ ਮੋਨੀ ਤਪਾ ਦਰਾਜ ਮੁਹਾਲੀ ਵਾਲਿਆਂ ਦੀ 20ਵੀਂ ਸਲਾਨਾ ਬਰਸੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਗੁਰਦੁਆਰਾ ਸਾਹਿਬ ਸੰਤ ਆਸ਼ਰਮ ਨਰੈਣਸਰ ਮੁਹਾਲੀ ਨੇੜੇ ਭਾਈ ਕੀਆਂ ਬਾਗੜੀਆਂ ਜ਼ਿਲ੍ਹਾ ਮਾਲੇਰਕੋਟਲਾ ਵਿਖੇ ਮਿਤੀ 01 ਜਨਵਰੀ ਦਿਨ ਬੁੱਧਵਾਰ 2025 ਤੋਂ 07 ਜਨਵਰੀ ਤੱਕ ਕਰਵਾਇਆ ਜਾ ਰਿਹਾ ਹੈ ।ਇਸ ਮੌਕੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੌਜੂਦਾ ਮੁਖੀ ਸੰਤ ਬਾਬਾ ਰਣਜੀਤ ਸਿੰਘ ਜੀ ਨੇ ਕਿਹਾ ਕਿ ਸ੍ਰੀ ਮਾਨ ਸੰਤ ਬਾਬਾ ਨਰੈਣ ਸਿੰਘ ਮੋਨੀ ਦੀ ਸਲਾਨਾ ਬਰਸੀ ਸਬੰਧੀ ਮਿਤੀ 01 ਦਿਨ ਬੁੱਧਵਾਰ ਜਨਵਰੀ 2025 ਤੋਂ 07 ਜਨਵਰੀ ਦਿਨ ਮੰਗਲਵਾਰ ਤੱਕ ਕਰਵਾਏ ਜਾ ਰਹੇ ਹਨ। ਇਸ ਧਾਰਮਿਕ ਸਮਾਗਮ ਦੌਰਾਨ ਮਿਤੀ 01 ਜਨਵਰੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ 35 ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣਗੇ। ਜਿਨ੍ਹਾਂ ਦੇ ਭੋਗ 03 ਜਨਵਰੀ ਨੂੰ ਪੈਣਗੇ ਅਤੇ ਉਸੇ ਦਿਨ ਫਿਰ 35 ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣਗੇ। ਜਿਨ੍ਹਾਂ ਦੇ ਭੋਗ 05 ਜਨਵਰੀ ਨੂੰ ਪੈਣਗੇ। ਉਨ੍ਹਾਂ ਕਿਹਾ ਕਿ ਉਸੇ ਦਿਨ 05 ਜਨਵਰੀ ਐਤਵਾਰ ਨੂੰ 35 ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਹੋਣਗੇ, ਜਿਨ੍ਹਾਂ ਦੇ ਭੋਗ 07 ਜਨਵਰੀ ਨੂੰ ਪੈਣਗੇ, 07 ਜਨਵਰੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਸੰਚਾਰ ਹੋਵੇਗਾ, ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਗੁਰਸਿੱਖੀ ਧਾਰਨ ਕਰਕੇ ਆਪਣਾ ਜੀਵਨ ਸਫਲ ਬਣਾਉਣ। ਬਾਬਾ ਰਣਜੀਤ ਸਿੰਘ ਨੇ ਕਿਹਾ ਕਿ 07 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਹਿਬਾਨਾਂ ਦੇ ਭੋਗ ਪੈਣ ਉਪਰੰਤ ਇੱਕ ਧਾਰਮਿਕ ਸਮਾਗਮ ਕਰਵਾਇਆ ਜਾਵੇਗਾ ਜਿਸ ਦੌਰਾਨ ਪ੍ਰਸਿੱਧ ਕਥਾ ਵਾਚਕ, ਸਿੱਖ ਧਰਮ ਦੇ ਪ੍ਰਚਾਰਕ, ਕਵੀਸ਼ਰੀ ਜੱਥੇ, ਰਾਗੀ ਜੱਥੇ, ਢਾਢੀ ਜੱਥੇ ਅਤੇ ਹੋਰ ਸੰਤ ਮਹਾਂਪੁਰਖਾਂ ਵਲੋਂ ਸਮੂਲੀਅਤ ਕਰਕੇ ਗੁਰਬਾਣੀ ਦੇ ਕੀਰਤਨ ਅਤੇ ਕਥਾ ਵਖਿਆਨ ਦੁਆਰਾ ਸੰਗਤਾਂ ਨੂੰ ਗੁਰਇਤਿਹਾਸ ਨਾਲ ਜੋੜਿਆ ਜਾਵੇਗਾ। ਉਨ੍ਹਾਂ ਸੰਗਤਾਂ ਨੂੰ ਇਸ ਸਮਾਗਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਆਪਣਾ ਜੀਵਨ ਸਫਲਾ ਬਣਾਉਣ ਲਈ ਪੁਰਜ਼ੋਰ ਅਪੀਲ ਕੀਤੀ । ਇਸ ਮੌਕੇ ਬਾਬਾ ਨਿਰਭੈ ਸਿੰਘ ਮੁਹਾਲੀ, ਹੈਡ ਗ੍ਰੰਥੀ ਗਿਆਨ ਸਿੰਘ, ਬਾਬਾ ਗੋਲਡੀ , ਗੁਰਤੇਜ ਸਿੰਘ ਤੇਜੀ, ਐਡਵੋਕੇਟ ਰਾਮ ਸਿੰਘ ਰੈਸਲ ਵੀ ਹਾਜਰ ਸਨ।



### ਕੇਂਦਰ ਸਰਕਾਰ ਡਾ. ਮਨਮੋਹਨ ਸਿੰਘ ਦੀ ਬਣਾਏ ਢੁੱਕਵੀਂ ਯਾਦਗਾਰ-ਐਡਵੋਕੇਟ ਧਾਮੀ

# ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸ਼੍ਰੋਮਣੀ ਕਮੇਟੀ ਨੇ ਸ਼ੋਕ ਸਭਾ ਕਰਕੇ ਦਿੱਤੀ ਸ਼ਰਧਾਂਜਲੀ



**ਨਵੀਂ ਦਿੱਲੀ, 28 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਡਾ. ਮਨਮੋਹਨ ਸਿੰਘ ਨਮਿਤ ਸ਼ੋਕ ਸਭਾ ਕਰ ਕੇ ਉਨ੍ਹਾਂ ਨੂੰ ਸ਼ਰਧਾਜਲੀ ਭੇਟ ਕੀਤੀ ਗਈ ਅਤੇ ਇਸ ਮਗਰੋਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਅਤੇ ਇਸ ਨਾਲ ਸਬੰਧਤ ਅਦਾਰੇ ਇਕ ਦਿਨ ਲਈ ਬੰਦ ਰੱਖੇ ਗਏ। ਸ਼ੋਕ ਸਭਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਮੂਹ ਮੁਲਾਜ਼ਮਾਂ ਨੇ ਮੂਲਮੰਤਰ ਅਤੇ ਗੁਰਮੰਤਰ ਦੇ ਜਾਪ ਕਰਕੇ ਅਰਦਾਸ ਕੀਤੀ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਡਾ. ਮਨਮੋਹਨ ਸਿੰਘ ਦੀਆਂ ਦੇਸ਼ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਇਕ ਆਮ ਪਰਿਵਾਰ ਵਿੱਚੋਂ ਉਠ ਕੇ ਆਪਣੀ ਮਿਹਨਤ ਅਤੇ ਲਿਆਕਤ ਨਾਲ ਉੱਚ ਸਥਾਨ ਪ੍ਰਾਪਤ ਕੀਤਾ। ਉਹ ਦੇਸ਼ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਬਣੇ, ਜਿਸ ਨਾਲ ਪੰਜਾਬੀਆਂ ਅਤੇ ਖਾਸਕਰ ਸਿੱਖ ਦਸਤਾਰ ਦੀ ਪਛਾਣ ਨੂੰ ਪੂਰੀ ਦੁਨੀਆਂ ਵਿੱਚ ਉੱਭਰੀ। ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸਿੱਖ ਕੌਮ ਨੂੰ ਡਾ. ਮਨਮੋਹਨ ਸਿੰਘ 'ਤੇ ਮਾਣ ਹੈ ਅਤੇ ਉਨ੍ਹਾਂ ਦੇ ਸਤਿਕਾਰ ਵਜੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਅਤੇ ਅਦਾਰਿਆਂ 'ਚ ਇਕ ਦਿਨ ਦੀ ਛੁੱਟੀ ਕੀਤੀ ਗਈ ਹੈ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਨੂੰ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਉਨ੍ਹਾਂ ਦੇ ਪਰਿਵਾਰ ਦੀ ਮੰਗ ਅਨੁਸਾਰ ਢੁੱਕਵੀਂ ਯਾਦਗਾਰ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਡਾ. ਮਨਮੋਹਨ ਸਿੰਘ ਦੀ ਬਦੌਲਤ ਹੀ ਅੱਜ ਦੇਸ਼ ਸਥਿਰ ਹੈ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਮੁੱਖ ਰੱਖਦਿਆਂ ਪਰਿਵਾਰ ਦੀ ਭਾਵਨਾ ਅਨੁਸਾਰ ਢੁੱਕਵਾਂ ਮਾਣ-ਸਨਮਾਨ ਦੇਣਾ ਸਰਕਾਰ ਦਾ ਫ਼ਰਜ਼ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਜਦੋਂ ਵਿਸ਼ਵ ਵਿੱਤੀ ਮੰਦੀ ਦੇ ਦੌਰ ਵਿੱਚੋਂ ਲੰਘ ਰਿਹਾ ਸੀ ਤਾਂ ਡਾ. ਮਨਮੋਹਨ ਸਿੰਘ ਨੇ ਆਪਣੀ ਲਿਆਕਤ ਨਾਲ ਜਿਥੇ ਭਾਰਤ ਦੇਸ਼ ਨੂੰ ਆਰਥਿਕ ਤੌਰ 'ਤੇ ਸਥਿਰ ਕੀਤਾ, ਉਥੇ ਹੀ ਪੂਰੀ ਦੁਨੀਆ ਨੂੰ ਵੀ ਮਾਰਗ-ਦਰਸ਼ਨ ਦਿੱਤਾ ਸੀ। ਅਜਿਹੀ ਸ਼ਖ਼ਸੀਅਤ ਨਾਲ ਚਲਾਣੇ ਬਾਅਦ ਉਨ੍ਹਾਂ ਦਾ ਸੰਸਕਾਰ ਰਾਜਘਾਟ ਵਿਖੇ ਨਾ ਕਰਨਾ ਨਿਰਾਦਰ ਵਾਂਗ ਹੈ। ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਸੀ ਹੋਣਾ ਚਾਹੀਦਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਇਸ ਦਾ ਨੋਟਿਸ ਲੈਣ ਅਤੇ ਦੁਨੀਆ ਵਿਚ ਭਾਰਤ ਦਾ ਨਾਂ ਰੌਸ਼ਨ ਕਰਨ ਵਾਲੀ ਸਿੱਖ ਸ਼ਖ਼ਸੀਅਤ ਡਾ. ਮਨਮੋਹਨ ਸਿੰਘ ਦੇ ਸਤਿਕਾਰ ਵਜੋਂ ਉਨ੍ਹਾਂ ਦੀ ਢੁੱਕਵੀਂ ਯਾਦਗਾਰ ਉਸਾਰਨ।

### ਸੰਮਤ ਗੋਇਲ ਵੱਲੋਂ ਕੀਤੇ ਗਏ ਸਿੱਖਾਂ ਦੇ ਕਤਲੇਆਮ ਵਿਰੁੱਧ ਪਰਿਵਾਰਾਂ ਵੱਲੋਂ

# ਇਨਸਾਫ਼ ਲੈਣ ਲਈ ਕੀਤਾ ਗਿਆ ਵਿਸ਼ਾਲ ਮਾਰਚ : ਇਮਾਨ ਸਿੰਘ ਮਾਨ




**ਨਵੀਂ ਦਿੱਲੀ, 28 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰ ਕੌਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਸ਼੍ਰੀ ਫਤਹਿਗੜ੍ਹ ਸਾਹਿਬ ਤੋਂ ਗੁਰਦੁਆਰਾ ਸਾਹਿਬ ਸ਼੍ਰੀ ਜੋਤੀ ਸਰੂਪ ਤੱਕ ਪੰਥਕ ਰਵਾਇਤਾਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋ ਕੱਢੇ ਜਾਣ ਵਾਲੇ ਨਗਰ ਕੀਰਤਨ ਵਿੱਚ ਲੱਖਾਂ ਦੀ ਤਾਦਾਦ ਵਿੱਚ ਸੰਗਤਾਂ ਸਮੂਲੀਅਤ ਕੀਤੀ, ਵਰਦੇ ਮੀਂਹ ਵਿੱਚ ਸੰਗਤਾਂ ਨੇ ਕੌਮੀ ਮਹਾਨ ਸਹੀਦਾਂ ਨੂੰ ਸਰਧਾ ਤੇ ਸਤਿਕਾਰ ਭੇਂਟ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋ ਮੌਜੂਦਾ ਸਿੱਖ ਸੰਘਰਸ਼ ਵਿੱਚ ਸਹੀਦ ਹੋਏ ਸਿੱਖ ਨੌਜਵਾਨਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਅੱਗੇ ਰੱਖਕੇ, ਪੰਜਾਬ ਦੇ ਜਾਲਮ ਪੁਲਸ ਅਫਸਰਾਂ ਵਿਰੁੱਧ ਕਾਰਵਾਈ ਦੀ ਮੰਗ ਰੱਖੀ ਜਿਹਨਾਂ ਨੇ ਤਸੀਹੇ ਕੇਂਦਰਾਂ ਵਿੱਚ ਸਿੱਖ ਨੌਜਵਾਨਾਂ ਤੇ ਅਣਮਨੁੱਖੀ ਅੱਤਿਆਚਾਰ ਕਰਕੇ ਝੂਠੇ ਪੁਲਸ ਮੁਕਾਬਲਿਆਂ ਵਿੱਚ ਸਹੀਦ ਕੀਤਾ। ਸਮੇਂ ਸਮੇਂ ਬਣੀਆ ਸਰਕਾਰਾਂ ਨੇ ਸਿੱਖਾਂ ਵਿਰੁੱਧ ਜਾਬਰ ਕਾਨੂੰਨ ਬਣਾਕੇ ਸਿੱਖਾਂ ਦਾ ਸਿਕਾਰ ਕੀਤਾ, ਅਖੌਤੀ ਪੰਥਕ ਸਰਕਾਰ ਨੇ ਸਿੱਖਾਂ ਦੀਆ ਵੋਟਾਂ ਪ੍ਰਾਪਤ ਕਰਕੇ ਸਿੱਖ ਕੌਮ ਤੇ ਜੁਲਮ ਕਰਨ ਵਾਲੇ ਅਫਸਰਾਂ




ਨੂੰ ਤਰੱਕੀਆਂ ਦੇਕੇ ਸਨਮਾਨ ਜਨਕ ਆਹੁਦੇ ਪ੍ਰਦਾਨ ਕੀਤੇ, ਜਾਲਮ ਸੁਮੇਧ ਸੈਣੀ ਨੂੰ ਪੰਜਾਬ ਦਾ ਡੀ ਜੀ ਪੀ ਬਣਾਇਆ ਗਿਆ। ਇਜ਼ਹਾਰ ਆਲਮ ਜਿਸ ਨੇ ਆਲਮ ਸੈਨਾ ਬਣਾਕੇ ਸਿਖਾਂ ਦੇ ਖੂਨ ਦੀ ਹੋਲੀ ਖੇਡੀ ਉਸ ਦੀ ਘਰਵਾਲੀ ਨੂੰ ਬਾਦਲ ਦਲ ਨੇ ਮਲੇਰਕੋਟਲਾ ਤੋਂ ਟਿਕਟ ਦੇਕੇ ਆਪਣੀ ਸਰਕਾਰ ਵਿੱਚ ਪਾਰਲੀਮਾਨੀ ਸਕੱਤਰ ਬਣਾਇਆ। ਸਹੀਦ ਪਰਿਵਾਰਾਂ ਦੇ ਹੱਥਾਂ ਵਿੱਚ ਫੜੇ ਬੈਨਰਾਂ ਤੇ ਇਹਨਾਂ ਪੁਲਸ ਅਫ਼ਸਰਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਕੇ ਇਨਸਾਫ ਦੀ ਮੰਗ ਕੀਤੀ ਗਈ, ਇਹਨਾਂ ਪਰਿਵਾਰਾਂ ਵਿੱਚ ਸ਼ਾਮਲ ਗੁਰਦਾਸਪੁਰ ਇਲਾਕੇ ਦੇ ਉਹ ਪੀੜ੍ਹਤ ਪਰਿਵਾਰ ਸਨ ਜਿੰਨਾਂ ਦੇ ਨੌਜਵਾਨ ਪੁੱਤਰਾਂ ਨੂੰ ਗੁਰਦਾਸਪੁਰ ਦੇ ਉਸ ਸਮੇਂ ਦੇ ਐੱਸ ਐਸ ਪੀ ਸਮਿਤ ਗੋਇਲ ਨੇ ਸਿੱਖ ਪਰਿਵਾਰਾ ਨੂੰ ਤਬਾਹ ਕੀਤਾ ਸੈਕੜਿਆਂ ਦੀ ਤਾਦਾਦ ਵਿੱਚ ਨੌਜਵਾਨਾਂ ਨੂੰ ਖ਼ਤਮ ਕੀਤਾ ਉਸ ਦੇ ਖਿਲਾਫ਼ ਜੋਰਦਾਰ ਅਵਾਜ ਬੁਲੰਦ ਕੀਤੀ। ਸਮਿਤ ਗੋਇਲ ਇੰਡੀਆਂ ਦੀ ਖ਼ੁਫ਼ੀਆ ਏਜੰਸੀ ਰਾਅ ਦਾ ਮੁੱਖੀ ਬਣਿਆ ਇਸ ਵਕਤ ਮੋਦੀ, ਅਮਿਤ ਸ਼ਾਹ, ਜੈ ਸ਼ੰਕਰ, ਅਜੀਤ ਡੋਵਾਲ ਦੀ ਜੁੰਡਲੀ ਦਾ ਮੋਹਰਾ ਬਣਕੇ ਵਿਦੇਸ਼ਾ ਵਿੱਚ ਅਜ਼ਾਦੀ ਪਸੰਦ ਸਿੱਖ ਨੂੰ ਮਾਰਨ ਵਿੱਚ ਅਹਿਮ ਰੋਲ ਨਿਭਾਅ ਰਿਹਾ ਹੈ।

# ਜੋਗਿੰਦਰ ਸਿੰਘ ਖਾਲਸਾ ਨੇ ਡਾ. ਮਨਮੋਹਨ ਸਿੰਘ ਦੇ ਵਿਛੋੜੇ ਤੇ ਗਹਿਰੇ ਦੁੱਖ ਪ੍ਰਗਟਾਵਾ ਕੀਤਾ



**ਸ਼ੇਰਪੁਰ ( ਰਣਜੀਤ ਸਿੰਘ ਪੇਧਨੀ )**-ਭਾਰਤੀ ਜਨਤਾ ਪਾਰਟੀ ਕਿਸਾਨ ਵਿੰਗ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਹਲਕਾ ਮਹਿਲ ਕਲਾਂ ਤੋਂ ਇੰਚਾਰਜ ਸ, ਜੋਗਿੰਦਰ ਸਿੰਘ ਖਾਲਸਾ ਨੇ ਦੇਸ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਮੋਤ ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਮਰਹੂਮ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਜੀ ਦਾ ਵਿਛੋੜਾ ਅਸਿਹ ਹੈ ਉਹ ਬਹੁਤ ਹੀ ਦੂਰਅੰਦੇਸ਼ ਨੇਤਾ ਅਤੇ ਸਤਿਕਾਰਤ ਅਰਥ ਸ਼ਾਸਤਰੀ ਸਨ। ਉਨ੍ਹਾਂ ਕਿਹਾ ਕਿ ਪਰ 6 ਜੂਨ 1984 ਅਤੇ ਨਵੰਬਰ 1984 ਸਿੱਖ ਨਸਲਕੁਸ਼ੀ ਉਹਨਾਂ ਆਪਣੇ ਅੱਖੀ ਦੇਖਿਆ ਪਰ ਉਹ ਕਾਗਰਸ ਪਾਰਟੀ ਦਾ ਪ੍ਰਮੁੱਖ ਅੰਗ ਹੋਣ ਕਰਕੇ ਇਸ ਭਿਆਨਕ ਕਤਲੇਆਮ ਪ੍ਰਤੀ ਸਭ ਕੁੱਝ ਜਾਣਦੇ ਹੋਏ ਵੀ ਚੁੱਪ ਰਹੇ ਜੋ ਉਹਨਾਂ ਦੀ ਜਿੰਦਗੀ ਦੀ ਸਭ ਤੋ ਵੱਡੀ ਭੁੱਲ ਸੀ ਕਿਉਕਿ ਉਹਨਾਂ ਖੁਦ ਆਪਣੇ ਦਾਮਾਦ ਦੇ ਘਰ ਲੁੱਕ ਕੇ ਆਪਣੀ ਜਾਨ ਬਚਾਈ ਸੀ। ਉਹਨਾਂ ਨੇ ਪਾਰਲੀਮੈਂਟ ਵਿੱਚ ਖੜਕੇ ਕਾਂਗਰਸ ਤਰਫੋ ਮੁਆਫੀ ਜਰੂਰ ਮੰਗੀ ਸੀ ਉਹ ਹਿੰਦੂ ਕਾਲਜ ਅੰਮ੍ਰਿਤਸਰ ਵਿੱਚ ਪੜਦੇ ਸਮੇਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਿੱਚ ਵੀ ਸਰਗਰਮ ਸਨ। ਉਹ ਗੁਰਬਾਣੀ ਕੀਰਤਨ ਦੇ ਰਸੀਏ ਸਨ ਅਕਾਲ ਪੁਰਖ ਵਿੱਛੜੀ ਰੂਹ ਨੂੰ ਆਪਣੇ ਚਰਨਾ ਵਿੱਚ ਨਿਵਾਸ ਬਖਸ਼ਣ।

# ਸ੍ਰੀ ਹਜ਼ੂਰ ਸਾਹਿਬ ਵਿੱਖੇ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੇ ਸ਼ਹਾਦਤ ਨੂੰ ਸਮਰਪਿਤ ਕੀਤਾ ਗਿਆ "ਵਾਹਿਗੁਰੂ" ਜਾਪ:ਡਾ. ਵਿਜੇ ਸਤਬੀਰ ਸਿੰਘ





**ਚੌਕ ਮਹਿਤਾ, 28 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਦਸ਼ਮੇਸ਼ ਪਿਤਾ ਜੀ ਦੇ ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਅਦੁੱਤੀ ਪਾਵਨ ਸ਼ਹਾਦਤ ਨੂੰ ਸਮਰਪਿਤ 28 ਦਸੰਬਰ 2042 ਨੂੰ ਸਵੇਰੇ 10.45 ਤੋਂ 11 ਵੱਜੇ ਤੱਕ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿੱਖੇ ਮਾਨਯੋਗ ਜੱਥੇਦਾਰ ਸਿੰਘ ਸਾਹਿਬ ਭਾਈ ਕੁਲਵੰਤ ਸਿੰਘ ਜੀ ਅਤੇ ਪੰਜ ਪਿਆਰੇ ਸਾਹਿਬਾਂਨ ਦੀ ਸਰਪਰਸਤੀ ਹੇਠ ਗੁਰਦੁਆਰਾ ਸੱਚਖੰਡ ਬੋਰਡ ਵੱਲੋਂ 15 ਮਿੰਟ ਲਈ "ਵਾਹਿਗੁਰੂ" ਸਿਮਰਨ ਦਾ ਜਾਪ ਕੀਤਾ ਗਿਆ ਜਿਸ ਉਪਰੰਤ ਤਖ਼ਤ ਸਾਹਿਬ ਜੀ ਦੇ ਮੀਤ ਜੱਥੇਦਾਰ ਸਿੰਘ ਸਾਹਿਬ ਭਾਈ ਰਾਮ ਸਿੰਘ ਜੀ ਨੇਂ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਅਤੇ ਸ਼ਹੀਦ ਹੋਏ ਸਿੰਘਾ ਸਿੰਘਣੀਆਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਅਰਦਾਸ ਕੀਤੀ ਇਸ ਮੌਕੇ ਤਖ਼ਤ ਸਾਹਿਬ ਜੀ ਦੇ ਪੰਜ ਪਿਆਰੇ ਸਾਹਿਬਾਂਨ ਸਮੇਤ ਸਕੂਲੀ ਬੱਚੇ, ਗੁਰਦੁਆਰਾ ਬੋਰਡ ਸਟਾਫ, ਹਜ਼ੂਰੀ ਅਤੇ ਦੇਸ਼-ਵਿਦੇਸ਼ ਤੋਂ ਆਈ ਸੰਗਤਾਂ ਨੇਂ ਵੱਡੀ ਗਿਣਤੀ ਵਿੱਚ ਹਾਜਰੀ ਭਰ "ਵਾਹਿਗੁਰੂ" ਸਿਮਰਨ ਦਾ ਜਾਪ ਕਰਕੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ।

# ਮੂਲੋਂਵਾਲ ਗੁਰਦੂਆਰਾ ਮੰਜੀ ਸਾਹਿਬ ਵਿਖੇ ਨਗਰ ਕੀਰਤਨ ਕੱਢਿਆ ਗਿਆ



**ਧੂਰੀ ( ਰਣਜੀਤ ਸਿੰਘ ਪੇਧਨੀ )** ਇੱਥੋਂ ਨੇੜਲੇ ਇਤਿਹਾਸਿਕ ਪਿੰਡ ਮੂਲੋਵਾਲ ਗੁਰਦੁਆਰਾ ਮੰਜੀ ਸਾਹਿਬ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਲਾਨਾ ਜੋੜ ਮੇਲੇ ਨੂੰ ਮੁੱਖ ਰੱਖਦਿਆਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ। ਜਿਸ ਦੇ ਪਹਿਲੇ ਦਿਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਤਰ ਛਾਇਆ ਹੇਠ ਨਗਰ ਕੀਰਤਨ ਦਾ ਕੱਢਿਆ ਗਿਆ। ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬੀਬੀ ਸਰਨਜੀਤ ਕੌਰ ਕਿਲਾ ਹਕੀਮਾਂ, ਸ਼੍ਰੋਮਣੀ ਕਮੇਟੀ ਮੈਂਬਰ ਭੁਪਿੰਦਰ ਸਿੰਘ ਭਲਵਾਨ, ਸਰਪੰਚ ਅਮਰੀਕ ਸਿੰਘ ਕਿਲਾ ਹਕੀਮਾ, ਮੈਨੇਜਰ ਹਰਵਿੰਦਰ ਸਿੰਘ ਚੰਗਾਲ, ਮੈਨੇਜਰ ਰਜਿੰਦਰ ਸਿੰਘ ਨਾਨਕੀਆਣਾ ਸਾਹਿਬ, ਕਾਊਂਟੈਂਟ ਸੁਖਦੇਵ ਸਿੰਘ ਅਲਾਲ, ਕੁਲਦੀਪ ਸਿੰਘ ਝਾੜੋ, ਹੈੱਡ ਗ੍ਰੰਥੀ ਗੁਰਧਿਆਨ ਸਿੰਘ,ਬਾਬੂ ਸਿੰਘ ਅਕੋਈ, ਜਰਨੈਲ ਸਿੰਘ, ਸਰਪੰਚ ਸੁਖਚੈਨ ਸਿੰਘ ਮੂਲੋਂਵਾਲ, ਸਰਪੰਚ ਅਮਨਦੀਪ ਸਿੰਘ ਰਣੀਕੇ, ਸਰਪੰਚ ਗੁਰਦੀਪ ਸਿੰਘ ਸੁਲਤਾਨਪੁਰ, ਨਿਰਭੈ ਸਿੰਘ ਰਣੀਕੇ, ਰਜਿੰਦਰ ਸਿੰਘ ਮੂਲੋਂਵਾਲ, ਸੁਰਜੀਤ ਸਿੰਘ ਮੂਲੋਂਵਾਲ, ਸਰਪੰਚ ਰਾਜੂ ਰੰਗੀਆ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।

ਦਮਦਮੀ ਟਕਸਾਲ ਦੇ 16ਵੇਂ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ

# 20 ਸਾਲਾ ਦਸਤਾਰਬੰਦੀ ਦਿਵਸ ਮਨਾਇਆ ਗਿਆ

## ਸਮੂਹ ਸਿੱਖ ਸੰਗਤਾਂ, ਪੰਥਕ ਅਤੇ ਧਾਰਮਿਕ ਨੁਮਾਇੰਦਿਆਂ ਵੱਲੋਂ ਵਧਾਈਆਂ ਦਿੱਤੀਆਂ ਗਈਆਂ



ਦਸਤਾਰ ਬੰਦੀ 16ਵੇਂ ਮੁੱਖੀ ਦਮਦਮੀ ਟਕਸਾਲ















(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)




ਚੌਕ ਮਹਿਤਾ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)- ਸਾਹਿਬਾ ਕਮਾਲ ਚੋਜੀ ਪ੍ਰੀਤਮ ਦਸਮ ਪਿਤਾ ਧੰਨ ਧੰਨ ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਜੀ ਤੋਂ ਵਰਸੋਈ ਦਮਦਮੀ ਟਕਸਾਲ ਜਥੇਬੰਦੀ ਦੇ ਵਰਤਮਾਨ 16 ਮੁੱਖੀ ਅਤੀ ਸਨਮਾਨ ਯੋਗ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਪੁਰਸਾ ਨੂੰ ਜਥੇਬੰਦੀ ਦਮਦਮੀ ਟਕਸਾਲ ਦੀ ਸੇਵਾ ਪ੍ਰਾਪਤ ਹੋਈ 27 ਦਸੰਬਰ 2024 ਨੂੰ 20 ਸਾਲ ਹੋ ਗਏ ਹਨ। ਮਹਾਪੁਰਸਾ ਨੂੰ ਅਤੇ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆ ਹੋਣ ਜੀ। ਕੱਲ 27 ਤਾਰੀਕ ਨੂੰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਹੋਣ ਕਰਕੇ ਮਹਾਪੁਰਸਾ ਦੀ ਦਸਤਾਰਬੰਦੀ ਦਾ ਵੀਹ ਸਾਲਾਂ ਦਿਹਾੜਾ ਸਮੁੱਚੇ ਜਥੇ ਸੰਗਤ ਵੱਲੋਂ ਅੱਜ ਮਨਾਇਆ ਗਿਆ ਹੈ। (ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਦਮਦਮੀ ਟਕਸਾਲ ਦੇ 16ਵੇਂ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ

# 20 ਸਾਲਾ ਦਸਤਾਰਬੰਦੀ ਦਿਵਸ ਮਨਾਇਆ ਗਿਆ

## 27 ਤਾਰੀਕ ਨੂੰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਹੋਣ ਕਰਕੇ ਮਹਾਪੁਰਸ਼ਾ ਦੀ ਦਸਤਾਰਬੰਦੀ ਦਾ ਵੀਹ ਸਾਲਾਂ ਦਿਹਾੜਾ ਸਮੁੱਚੇ ਜਥੇ ਸੰਗਤ ਵੱਲੋਂ ਅੱਜ ਮਨਾਇਆ ਗਿਆ











ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਬਠਿੰਡਾ ਬੱਸ ਹਾਦਸਾ : ਪੀੜਤ ਪਰਿਵਾਰਾਂ ਨੇ

# ਮ੍ਰਿਤਕਾਂ ਦਾ ਸਸਕਾਰ ਕਰਨ ਤੋਂ ਕੀਤਾ ਇਨਕਾਰ



**ਤਲਵੰਡੀ ਸਾਬੋ, 28 ਦਸੰਬਰ (ਗੁਰਜੰਟ ਸਿੰਘ ਨਥੇਹਾ)**- ਬੀਤੇ ਦਿਨੀਂ ਬਠਿੰਡਾ 'ਚ ਵਾਪਰੇ ਵੱਡੇ ਸੜਕ ਹਾਦਸੇ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ। ਇਸ ਦਰਦਨਾਕ ਹਾਦਸੇ 'ਚ 8 ਲੋਕਾਂ ਨੇ ਆਪਣੀ ਜਾਨ ਗੁਆ ਦਿੱਤੀ। ਹੁਣ ਪੀੜਤ ਪਰਿਵਾਰਾਂ ਦੇ ਵੱਲੋਂ ਕਿਹਾ ਗਿਆ ਕਿ ਉਦੋਂ ਤੱਕ ਉਹ ਮ੍ਰਿਤਕਾਂ ਦਾ ਸਸਕਾਰ ਨਹੀਂ ਕਰਨਗੇ ਜਦੋਂ ਤੱਕ ਪੰਜਾਬ ਸਰਕਾਰ ਉਹਨਾਂ ਦੀਆਂ ਮੰਗਾਂ ਪੂਰੀਆਂ ਨਹੀਂ ਕਰਦੀ। ਉਹਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਤਾਂ 2-2 ਲੱਖ ਰੁਪਏ ਦੇਣ ਦਾ ਐਲਾਨ ਕਰ ਦਿੱਤਾ ਪਰ ਪੰਜਾਬ ਸਰਕਾਰ ਦੇ ਵੱਲੋਂ ਕਿਸੇ ਵੀ ਤਰ੍ਹਾਂ ਦਾ ਕੋਈ ਐਲਾਨ ਨਹੀਂ ਕੀਤਾ ਗਿਆ ਨਾ ਹੀ ਉਹਨਾਂ ਦਾ ਕੋਈ ਨੁਮਾਇੰਦਾ ਪੀੜਤਾਂ ਦੀ ਸਾਰ ਲੈਣ ਆਇਆ ਹੈ। ਉਧਰ ਹਸਪਤਾਲ ਦੇ ਬਾਹਰ ਪੀੜਤ ਪਰਿਵਾਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਇੱਕ ਪਾਸੇ ਤਾਂ ਪੀੜਤ ਪਰਿਵਾਰਾਂ ਵੱਲੋਂ ਮ੍ਰਿਤਕਾਂ ਦਾ ਸਸਕਾਰ ਕਾਰਨ ਤੋਂ ਇਨਕਾਰ ਕੀਤਾ ਜਾ ਰਿਹਾ ਤਾਂ ਦੂਜੇ ਪਾਸੇ ਹੁਣ ਸਮਾਜ ਸੇਵੀ ਸੰਸਥਾਵਾਂ ਵੀ ਪੀੜਤਾਂ ਦੇ ਹੱਕ ਦੇ ਵਿੱਚ ਨਿੱਤਰੀਆਂ ਨੇ, ਜਿੰਨਾਂ ਨੇ ਕਿਹਾ ਕਿ ਨੈਨੀਤਾਲ ਘਟਨਾਕ੍ਰਮ ਦੇ ਅਧਾਰ ਤੇ ਇਹਨਾਂ ਪੀੜਤਾਂ ਨੂੰ ਵੀ ਮੁਆਵਜ਼ਾ ਤੇ ਇੱਕ ਪਰਿਵਾਰਿਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਦੱਸ ਦਈਏ ਕਿ ਗੰਦੇ ਨਾਲ ਵਿੱਚ ਬੱਸ ਡਿੱਗਣ ਕਾਰਨ ਵਾਪਰੇ ਇਸ ਹਾਦਸੇ ਵਿੱਚ 8 ਲੋਕਾਂ ਦੀ ਜਾਨ ਚਲੀ ਗਈ ਸੀ। ਜਿਸ ਦੀ ਹੁਣ ਪੀੜਤਾਂ ਵੱਲੋਂ ਮੁਆਵਜ਼ੇ ਦੀ ਮੰਗ ਕੀਤੀ ਜਾ ਰਹੀ ਹੈ। ਦੂਜੇ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਿੱਤੀ ਸਹਾਇਤਾ ਦਾ ਐਲਾਨ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫੰਡ 'ਚੋਂ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਨੂੰ 2 ਲੱਖ ਰੁਪਏ ਅਤੇ ਜ਼ਖਮੀਆਂ ਨੂੰ 50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਪਰ ਦੂਜੇ ਪਾਸੇ ਹੁਣ ਤੱਕ ਪੰਜਾਬ ਸਰਕਾਰ ਵੱਲੋਂ ਇਸ ਹਾਦਸੇ ਦੇ ਪੀੜਤ ਪਰਿਵਾਰਾਂ ਲਈ ਕਿਸੇ ਵੀ ਤਰ੍ਹਾਂ ਦਾ ਕੋਈ ਐਲਾਨ ਨਹੀਂ ਕੀਤਾ ਗਿਆ। ਜਿਸ ਤੋਂ ਖ਼ਫ਼ਾ ਹੋ ਕੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਨੇ ਸਸਕਾਰ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਹੁਣ ਵੇਖਣਾ ਹੋਵੇਗਾ ਕਿ ਸਰਕਾਰ ਕਦੋਂ ਇੰਨ੍ਹਾਂ ਦੀਆਂ ਮੰਗਾਂ ਮੰਨੇਗੀ ਅਤੇ ਮ੍ਰਿਤਕਾਂ ਦਾ ਸਸਕਾਰ ਹੋਵੇਗਾ।

### ਮਲਕੀਤ ਸਿੰਘ ਬੱਲ ਨੇ ਮੱਧਕਾਲੀ ਭਾਰਤੀ ਹਥਿਆਰਾਂ ਦੀ

# ਪ੍ਰਦਰਸ਼ਨੀ ਦਾ ਮੁੱਖ ਮਹਿਮਾਨ ਵਜੋਂ ਕੀਤਾ ਉਦਘਾਟਨ



**ਚੌਕ ਮਹਿਤਾ, 28 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਭਾਰਤੀ ਵਿਦਿਆ ਭਵਨ, ਨਵੀ ਮੁੰਬਈ ਕੇਂਦਰ ਵਲੋਂ 26 ਦਸੰਬਰ 2024 ਨੂੰ ਮੱਧਕਾਲੀ ਭਾਰਤੀ ਹਥਿਆਰਾਂ ਬਾਰੇ ਇੱਕ ਸ਼ਾਨਦਾਰ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਹ ਪ੍ਰਦਰਸ਼ਨੀ ਵੀਰ ਬਾਲ ਦਿਵਸ ਨੂੰ ਸਮਰਪਿਤ ਸੀ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪੁਤਰਾਂ ਚਾਰ ਸਾਹਿਬਜ਼ਾਦਿਆਂ ਦੀ ਅਤੁੱਲਯ ਵੀਰਤਾ ਅਤੇ ਬਲੀਦਾਨ ਨੂੰ ਯਾਦ ਕਰਨ ਅਤੇ ਸਨਮਾਨਿਤ ਕਰਨ ਦਾ ਦਿਨ ਹੈ। ਇਸ ਪ੍ਰੋਗਰਾਮ ਦਾ ਉਦਘਾਟਨ ਸ੍ਰ ਮਲਕੀਤ ਸਿੰਘ ਬੱਲ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਮੁੱਖ ਮਹਿਮਾਨ ਵਜੋਂ ਕੀਤਾ ਗਿਆ ਇਸ ਪ੍ਰੋਗਰਾਮ ਦੀ ਸ਼ੁਰੂਆਤ ਸ਼ਸਤ੍ਰ ਪੂਜਾ ਨਾਲ ਹੋਈ, ਜੋ ਸ਼ਾਂਤੀ ਬਣਾਈ ਰੱਖਣ ਅਤੇ ਧਰਮ ਦੀ ਰੱਖਿਆ ਲਈ ਹਥਿਆਰਾਂ ਦੀ ਮਹੱਤਾ ਨੂੰ ਦਰਸਾਉਂਦੀ ਹੈ ਇਸ ਮੌਕੇ ਮਲਕੀਤ ਸਿੰਘ ਬੱਲ ਨੇ ਚਾਰ ਸਾਹਿਬਜ਼ਾਦਿਆਂ ਦੇ ਇਤਿਹਾਸ ਨੂੰ ਸਾਂਭਣ, ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰਨ ਅਤੇ ਇਸ ਦੀ ਅਹਿਮੀਅਤ ਨੂੰ ਨਵੇਂ ਯੁੱਗ ਲਈ ਰੂਪਾਂਤਰਿਤ ਕਰਨ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਨੌਜਵਾਨ ਪੀੜ੍ਹੀ ਵਿੱਚ ਅਨੁਸ਼ਾਸਨ, ਹਿੰਮਤ ਅਤੇ ਸੱਭਿਆਚਾਰਕ ਗਰਵ ਨੂੰ ਵਿਕਸਿਤ ਕਰਨ ਲਈ ਗਤਕਾ ਵਰਗੇ ਯੋਧਾ ਕਲਾਵਾਂ ਦੇ ਮੂਲ ਭੂਮਿਕਾ ਦੀ ਵੀ ਵਕਾਲਤ ਕੀਤੀ ਦਰਸ਼ਕਾਂ ਨੂੰ ਗਤਕਾ ਮਾਰਸ਼ਲ ਆਰਟਸ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਮੋਹ ਲਿਆ, ਜਿਸ ਵਿੱਚ ਭਾਰਤੀ ਯੋਧਿਆਂ ਦੀ ਚੁਸਤੀ, ਹੁਨਰ ਅਤੇ ਵਿਰਾਸਤ ਦਾ ਦਰਸ਼ਨ ਕਰਵਾਇਆ ਗਿਆ ਮਲਕੀਤ ਸਿੰਘ ਬੱਲ ਨੇ ਇਸ ਮੌਕੇ ਆਯੋਜਕ ਟੀਮ ਦੇ ਯਤਨਾਂ ਦੀ ਭਰਪੂਰ ਸਰਾਹਨਾ ਕੀਤੀ, ਜਿਸ ਵਿੱਚ ਹਰੀਸ਼ ਅਈਅਰ (ਮਾਨਯ ਸਚਿਵ), ਸ੍ਰੀਮਤੀ ਸ਼ਾਂਤਾ ਬੇਲਵਾਡੀ, ਅਤੇ ਅਨੰਦ ਕੁਲਕਰਣੀ ਸ਼ਾਮਲ ਸਨ। ਉਨ੍ਹਾਂ ਨੇ ਪ੍ਰੋਗਰਾਮ ਵਿੱਚ ਸ਼ਾਮਲ ਸਪੀਕਰਾਂ ਗਿਰਜਾ ਦੂਧਤ ਅਤੇ ਸਵਾਮੀ ਯੋਗ ਪ੍ਰਤਾਪ ਨੂੰ ਵੀ ਉਨ੍ਹਾਂ ਦੇ ਪ੍ਰੇਰਣਾ ਦਾਇਕ ਸੰਬੋਧਨਾਂ ਲਈ ਧੰਨਵਾਦ ਕੀਤਾ। ਇਹ ਪ੍ਰਦਰਸ਼ਨੀ ਭਾਰਤੀ ਯੋਧਿਆਂ ਦੀ ਅਡਿੱਠ ਰੂਹ ਅਤੇ ਸ਼ਾਂਤੀ ਅਤੇ ਮੁੱਲਾਂ ਦੀ ਰੱਖਿਆ ਲਈ ਉਨ੍ਹਾਂ ਦੇ ਯੋਗਦਾਨ ਦੀ ਮਿਸਾਲ ਪੇਸ਼ ਕਰਦੀ ਹੈ। ਇਸਦਾ ਮਕਸਦ ਹਾਜ਼ਰੀਆਂ ਵਿੱਚ ਇਸ ਵਿਰਾਸਤ ਨੂੰ ਸੰਭਾਲਣ ਲਈ ਗਰਵ ਅਤੇ ਜ਼ਿੰਮੇਵਾਰੀ ਦੇ ਭਾਵਨਾਵਾਂ ਨੂੰ ਜਨਮ ਦੇਣਾ ਹੈ ਇਸ ਮੌਕੇ ਮਲਕੀਤ ਸਿੰਘ ਬੱਲ ਨੇ ਕਿਹਾ, "ਚਾਰ ਸਾਹਿਬਜ਼ਾਦਿਆਂ ਦੇ ਇਤਿਹਾਸ, ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਾਂਭਣਾ ਅਤੇ ਹਰ ਘਰ ਵਿੱਚ ਪਹੁੰਚਾਉਣਾ ਜ਼ਰੂਰੀ ਹੈ। ਇਸ ਨਾਲ ਸਾਡੇ ਨੌਜਵਾਨਾਂ ਵਿੱਚ ਹਿੰਮਤ, ਮੁੱਲ ਅਤੇ ਸੱਭਿਆਚਾਰਕ ਗਰਵ ਦਾ ਸੰਚਾਰ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਦੇ ਇਵੈਂਟ ਸਾਨੂੰ ਮਜਬੂਤ ਅਤੇ ਬਹਾਦਰ ਭਵਿੱਖ ਦੀ ਪ੍ਰੇਰਣਾ ਦਿੰਦੇ ਹਨ।" ਇਹ ਪ੍ਰੋਗਰਾਮ ਸਾਰਿਆ ਦੇ ਧੰਨਵਾਦ ਦੇ ਨਾਲ ਸਮਾਪਤ ਹੋਇਆ, ਜਿਸ ਨਾਲ ਦਰਸ਼ਕ ਭਾਰਤੀ ਇਤਿਹਾਸ ਦੀ ਵਿਰਾਸਤ ਨੂੰ ਯਾਦ ਕਰਦੇ ਹੋਏ ਘਰ ਵਾਪਸ ਗਏ।

# ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਗਈ ਬੇਅਦਬੀ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਕਾਰਵਾਈ ਕੀਤੀ ਜਾਏ: ਬੀਬੀ ਰਣਜੀਤ ਕੌਰ

## ਸਖ਼ਤ ਕਾਰਵਾਈ ਨਾ ਹੋਣ ਕਰਕੇ ਸ਼ਰਾਰਤੀ ਤੱਤਾਂ ਦੇ ਹੌਂਸਲੇ ਹੁੰਦੇ ਹਨ ਬੁਲੰਦ



ਨਵੀਂ ਦਿੱਲੀ 28 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਗੁਰੂ ਗ੍ਰੰਥ ਸਾਹਿਬ ਜੀ ਦੀ ਹੋ ਰਹੀਆਂ ਬੇਅਦਬੀ ਦੀਆਂ ਘਟਨਾਵਾਂ ਡੂੰਘੀ ਮਾਨਸਿਕ ਪੀੜਾ ਦੇਣ ਵਾਲੀਆਂ ਹਨ। ਬੀਤੇ ਦਿਨ ਪਿੰਡ ਮੁਰਾਦਪੁਰਾ ਪਤੀ ਰਾਮਪੁਰਾ ਅਬਾਦੀ ਦੇ ਗੁਰਦਵਾਰਾ ਬਾਬਾ ਜੀਵਨ ਸਿੰਘ ਜੀ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਕੇ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਸ ਲਈ ਪ੍ਰਸ਼ਾਸਨ ਦਾ ਵੀ ਫਰਜ਼ ਬਣਦਾ ਹੈ ਕਿ ਓਹ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਵੇ। ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਮਹਿਲਾ ਵਿੰਗ ਦੇ ਮੁੱਖੀ ਬੀਬੀ ਰਣਜੀਤ ਕੌਰ ਨੇ ਮੀਡੀਆ ਨੂੰ ਜਾਰੀ ਕੀਤੇ ਇਕ ਬਿਆਨ ਰਾਹੀਂ ਕਿਹਾ ਕਿ ਸ਼੍ਰੀ ਅਕਾਲ ਤਖਤ ਸਾਹਿਬ ਵਲੋਂ ਵੀਂ ਬਾਰ- ਬਾਰ ਅਪੀਲਾਂ ਕਰਨ ਦੇ ਬਾਵਜੂਦ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਕੀਤੀ ਜਾ ਰਹੀ ਲਾਪ੍ਰਵਾਹੀ ਚਿੰਤਾਜਨਕ ਹੈ ਜਿਸ ਕਰਕੇ ਸ਼ਰਾਰਤੀ ਤੱਤਾਂ ਦੇ ਹੌਂਸਲੇ ਬੁਲੰਦ ਹੁੰਦੇ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਗੁਰਬਾਣੀ ਮਨੁੱਖ ਮਾਤਰ ਲਈ ਮਾਰਗ ਦਰਸ਼ਨ ਕਰਦੀ ਹੈ ਅਤੇ ਇਹ ਸਮੁੱਚੀ ਮਨੁੱਖਤਾ ਲਈ ਸਾਂਝਾ ਉਪਦੇਸ਼ ਹੈ ਪਰ ਕੁਝ ਸ਼ਰਾਰਤੀ ਅਤੇ ਮਾਨਸਿਕ ਤੌਰ 'ਤੇ ਬਿਮਾਰ ਲੋਕ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਕੇ ਪੰਜਾਬ ਦੇ ਮਾਹੌਲ ਨੂੰ ਲਾਂਬੂ ਲਗਾਉਣਾ ਚਾਹੁੰਦੇ ਹਨ। ਭਾਵੇਂ ਕਿਸੇ ਸ਼ਰਾਰਤੀ ਅਨਸਰ ਵੱਲੋਂ ਕੀਤੀ ਪਾਵਨ ਬਾਣੀ ਦੀ ਬੇਅਦਬੀ ਹੋਵੇ ਜਾਂ ਕਿਸੇ ਅਣਸੁਖਾਵੀਂ ਘਟਨਾ ਕਾਰਨ ਨੁਕਸਾਨ ਹੋਇਆ ਹੋਵੇ, ਇਸ ਸਭ ਲਈ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਆਪਣੀ ਜ਼ਿੰਮੇਵਾਰੀ ਤੋਂ ਨਹੀਂ ਭੱਜ ਸਕਦੀਆਂ। ਅਸੀਂ ਆਪਣੇ ਘਰਾਂ ਅੰਦਰ ਤਾਂ ਹਰ ਤਰ੍ਹਾਂ ਦੇ ਪੁਖਤਾ ਪ੍ਰਬੰਧ ਕਰਦੇ ਹਾਂ ਅਤੇ ਸੁਰੱਖਿਆ ਦੇ ਨਾਲ-ਨਾਲ ਬਿਜਲੀ ਪ੍ਰਬੰਧਾਂ ਲਈ ਵੀ ਸੁਚੇਤ ਰਹਿੰਦੇ ਹਾਂ, ਪਰ ਦੂਸਰੇ ਪਾਸੇ ਗੁਰੂ-ਘਰਾਂ ਪ੍ਰਤੀ ਸਾਡੀ ਅਣਗਹਿਲੀ ਅਜਿਹੀਆਂ ਘਟਨਾਵਾਂ ਦਾ ਕਾਰਨ ਬਣ ਰਹੀ ਹੈ। ਸਾਨੂੰ ਚੇਤੰਨ ਹੋਣਾ ਪਵੇਗਾ ਅਤੇ ਆਪੋ-ਆਪਣੇ ਪਿੰਡਾਂ ਸ਼ਹਿਰਾਂ ਦੇ ਗੁਰੂ-ਘਰਾਂ ਦੀ ਪਹਿਰੇਦਾਰੀ ਨੂੰ ਲਾਜ਼ਮੀ ਬਣਾਉਣਾ ਪਵੇਗਾ। ਇਸ ਦੇ ਲਈ ਸਾਡੀਆਂ ਸਮੂਹ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਮਦਮੀ ਟਕਸਾਲ, ਸੰਤ ਸਮਾਜ਼, ਦਿੱਲੀ ਗੁਰਦੁਆਰਾ ਕਮੇਟੀ ਦੇ ਨਾਲ ਸਿੱਖ ਪ੍ਰਚਾਰਕਾਂ ਨੂੰ ਇਸ ਸਬੰਧ ਵਿਚ ਜਾਗਰੂਕਤਾ ਮੁਹਿੰਮ ਤੇਜ਼ ਕਰਨ ਦੀ ਸਖ਼ਤ ਲੋੜ ਹੈ ।

## ਡਾ. ਮਨਮੋਹਨ ਸਿੰਘ ਜੀ ਸਾਬਕਾ ਪ੍ਰਧਾਨ ਮੰਤਰੀ ਦੇਅਕਾਲ ਚਲਾਣੇ ਤੇ ਦੁੱਖ ਪ੍ਰਗਟਾਵਾ - ਡਾ. ਵਿਜੇ ਸਤਬੀਰ ਸਿੰਘ



**ਚੌਕ ਮਹਿਤਾ, 28 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਡਾ. ਵਿਜੇ ਸਤਬੀਰ ਸਿੰਘ ਜੀ ਪ੍ਰਸ਼ਾਸਕ ਗੁਰਦੁਆਰਾ ਸੱਚਖੰਡ ਬੋਰਡ ਨਾਂਦੇੜ ਨੇ ਡਾ. ਮਨਮੋਹਨ ਸਿੰਘ ਜੀ ਸਾਬਕਾ ਪ੍ਰਧਾਨ ਮੰਤਰੀ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਡਾਕਟਰ ਸਾਹਿਬ ਇੱਕ ਇਮਾਨਦਾਰ, ਬੇਦਾਗ ਅਤੇ ਮਹਾਨ ਅਰਥ ਸ਼ਾਸਤਰੀ ਸਨ। ਇਨ੍ਹਾਂ ਦੇ ਜਾਣ ਨਾਲ ਦੇਸ਼ ਨੂੰ ਬਹੁਤ ਵੱਡਾ ਘਾਟਾ ਪਿਆ ਹੈ ਤੇ ਇਨ੍ਹਾਂ ਵੱਲੋਂ ਦੇਸ਼ ਲਈ ਕੀਤੀਆਂ ਸੇਵਾਵਾਂ ਨੂੰ ਸਦਾ ਯਾਦ ਰੱਖਿਆ ਜਾਵੇਗਾ । ਗੁਰੂ ਮਹਾਰਾਜ ਡਾਕਟਰ ਸਾਹਿਬ ਦੀ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ਣ ਅਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

## ਇਨਾਲੀ ਫਾਊਂਡੇਸ਼ਨ ਵਲੋਂ ਬਾਂਹ ਦੀ ਅਰਕ ਤੋਂ ਹੇਠਾਂ ਤੇ ਕੱਟੇ ਹੋਏ ਹੱਥਾਂ ਨੂੰ ਲਗਾਉਣ ਦੀ ਫ੍ਰੀ ਸੇਵਾ:- ਇੰਜ ਦਲਜੀਤ ਕੋਹਲੀ



**ਚੌਕ ਮਹਿਤਾ, 27 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਦੁਆਰਾ ਸਿੰਘ ਸਭਾ, ਸੰਤ ਐਵੀਨਿਊ ਵਿਖੇ ਸ੍ਰੀ ਪ੍ਰਸ਼ਾਂਤ ਗਾਡੇ ਵਲੋਂ ਵਾਰਡ ਨੰਬਰ 33 ਦੀ ਕੌਂਸਲਰ ਬੇਟੀ ਅਰਸਨੂਰ ਦੇ ਸਹਿਯੋਗ ਨਾਲ ਕੱਟੇ ਹੋਏ ਹੱਥਾਂ ਨੂੰ ਇਲੈਕਟ੍ਰਿਕ ਵਿਧੀ ਨਾਲ ਕੰਮ ਕਰਨ ਵਾਲੇ ਉਪਕਰਨਾਂ ਦਾ ਮੈਡੀਕਲ ਕੈਂਪ ਲਗਾਇਆ ਗਿਆ। ਬੇਟੀ ਅਰਸਨੂਰ ਕੌਂਸਲਰ ਵੱਲੋਂ ਆਪਣੇ ਨਵੇਂ ਸਿਆਸੀ ਸਫ਼ਰ ਦੀ ਸ਼ੁਰੂਆਤ ਕੀਤੀ ਗਈ ਉਨਾਂ ਦਸਿਆ ਕਿ ਲੋੜਵੰਦ ਲੋਕਾਂ ਦੇ ਕੂਹਣੀ ਦੇ ਹੇਠਾਂ ਜੋ ਬਾਹਵਾਂ ਅਤੇ ਹੱਥ ਕੱਟੇ ਗਏ ਸੀ ਓਹਨਾ ਦੇ ਫ੍ਰੀ ਅੰਗ ਬਦਲੇ ਗਏ ਇਸ ਕੰਮ ਨੂੰ ਸਫਲ ਬਣਾਉਣ ਲਈ ਇੰਜ ਦਲਜੀਤ ਸਿੰਘ ਕੋਹਲ਼ੀ ਅਤੇ ਸ੍ਰ ਗੁਰਬਖ਼ਸ਼ ਸਿੰਘ ਕੈਰੋਂ ਜੀ ਨੇ ਵੀ ਸਹਿਯੋਗ ਦਿਤਾ ਇੰਜ ਦਲਜੀਤ ਸਿੰਘ ਕੋਹਲੀ ਨੇ ਦਸਿਆ ਕਿ ਸ੍ਰੀ ਪ੍ਰਸ਼ਾਂਤ ਗਾਡੇ ਜੀ ਵਲੋਂ ਪਿਛਲੇ 5-6 ਸਾਲਾ ਤੋਂ 5000 ਤੋਂ ਵੱਧ ਜ਼ਰੂਰਤ ਮੰਦਾਂ ਦੀ ਸੇਵਾ ਨਿਭਾਈ ਗਈ ਹੈ ਅਤੇ ਅੱਜ ਵੀ ਲੱਗਪਗ 15 ਕੇਸਾਂ ਦੇ ਅੰਗ ਲਾਏ ਗਏ। ਇਸ ਕੈਪ ਵਿੱਚ ਸਮਾਜ ਸੇਵੀ ਸੁੱਖ ਹੁੰਦਲ, ਸ੍ਰ ਹਰਪਾਲ ਸਿੰਘ (ਬਿੱਲਾ), ਸ੍ਰੀ ਜੇਠੂਵਾਲ ਸਾਬ, ਸ੍ਰ ਜਸਪਾਲ ਸਿੰਘ, ਸ੍ਰ ਹਰਜਾਪ ਸਿੰਘ, ਸ੍ਰ ਗੁਰਪ੍ਰੀਤ ਸਿੰਘ ਸੋਢੀ, ਸ੍ਰ ਗੁਰਦੀਪ ਸਿੰਘ ਕਲਸੀ ਅਤੇ ਰਾਜੂ ਚੱਕੀ ਵਾਲੇ ਸ਼ਾਮਿਲ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਅਤੇ ਸ਼ਹੀਦਾਂ ਨੂੰ ਸਮਰਪਿਤ

# ਮਹਿਤਾ ਚੌਂਕ ਵਿਖੇ ਮਹਾਨ ਨਗਰ ਕੀਰਤਨ ਸਜਾਇਆ








**ਚੌਂਕ ਮਹਿਤਾ, 28 ਦਸੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜਾ ਪਿਆਰਿਆ ਦੀ ਅਗਵਾਈ ਹੇਠ,ਧੰਨ-ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਹਿਬਜਾਦਿਆ ਅਤੇ ਮਾਤਾ ਗੁਜਰ ਕੌਰ ਦੀ ਯਾਦ ਵਿੱਚ ਸ਼ਹੀਦੀ ਸਮਾਗਮਾਂ ਦੌਰਾਨ ਸਥਾਨਕ ਗੁਰਦੁਵਾਰਾ ਗੁਰੂ ਨਾਨਕ ਪ੍ਰਕਾਸ਼ ਚੌਂਕ ਮਹਿਤਾ ਤੋਂ ਸੁਖਮਨੀ ਸਹਿਬ ਸੇਵਾ ਸੁਸਾਇਟੀ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਮਹਾਨ ਨਗਰ ਕੀਰਤਨ ਸਜਾਇਆ ਗਿਆ। ਜਿਸ ਸਬੰਧੀ ਜਾਣਕਾਰੀ ਦੇਂਦੇ ਹੋਏ ਮਨਦੀਪ ਸਿੰਘ ਵਿੱਕੀ ਪੰਜਾਬ ਟੈਂਟ ਹਾਊਸ ਚੌਂਕ ਮਹਿਤਾ ਨੇ ਦੱਸਿਆ ਕੇ ਵਿਸ਼ਾਲ ਨਗਰ ਕੀਰਤਨ ਹਰ ਸਾਲ ਦੀ ਤਰ੍ਹਾਂ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸੰਗਤਾਂ ਨੇ ਬੜੀ ਸਰਧਾ ਭਾਵਨਾ ਦੇ ਨਾਲ ਫੁੱਲਾਂ ਦੀ ਵਰਖਾ ਜੈਕਾਰਿਆਂ ਦੀ ਗੂੰਜ ਵਿੱਚ ਨਗਰ ਕੀਰਤਨ ਸਵੇਰੇ 10 ਵਜੇ ਗੁਰਦੁਆਰਾ ਸਾਹਿਬ ਤੋਂ ਆਰੰਭ ਕੀਤਾ ਗਿਆ। ਭਾਵੇਂ ਮੀਹ ਅਤੇ ਠੰਡ ਵੀ ਬਹੁਤ ਜੋਰ ਦਾ ਸੀ, ਫਿਰ ਵੀ ਸੰਗਤਾਂ ਬਹੁਤ ਗਿਣਤੀ ਵਿੱਚ ਸ਼ਬਦ, ਕੀਰਤਨ, ਵਾਹਿਗੁਰੂ ਜੀ ਦਾ ਜਾਪੁ ਕਰਦੀਆਂ ਹੋਈਆਂ ਨਗਰ ਕੀਰਤਨ ਵਿੱਚ ਹਿੱਸਾ ਲੈ ਰਹੀਆਂ ਸਨ। ਥਾਂ ਥਾਂ ਉੱਤੇ ਸੰਗਤਾਂ ਵੱਲੋਂ ਚਾਹ, ਦੁੱਧ, ਫਲ ਫਰੂਟ ਦੀ ਸੇਵਾ ਕੀਤੀ ਗਈ। ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਰੁਮਾਲੇ ਸਾਹਿਬ ਗਰਮ ਕੰਬਲਾ ਨਾਲ ਕੀਤੀ ਗਈ। ਪੰਜਾ ਪਿਆਰਿਆਂ ਸਹਿਬਾਨਾਂ ਨੂੰ ਸਿਰਪਾਓ ਅਤੇ ਦੁਸ਼ਾਲੇ ਦੇਕੇ ਸਨਮਾਨਿਤ ਕੀਤਾ ਗਿਆ। ਇਹ ਨਗਰ ਕੀਰਤਨ ਚੌਂਕ ਮਹਿਤਾ ਸਮੂਹ ਬਾਜਾਰਾਂ ਵਿੱਚੋਂ ਹੁੰਦਾ ਹੋਇਆਂ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ । ਇਸ ਮੌਕੇ ਹਰਜਿੰਦਰ ਸਿੰਘ ਪ੍ਰਧਾਨ,ਡਾਕਟਰ ਅਰਪਿੰਦਰ ਸਿੰਘ, ਰਾਜਵਿੰਦਰ ਸਿੰਘ, ਬਖਸ਼ੀਸ ਸਿੰਘ, ਜਸਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਅਭਿਜੋਤ ਸਿੰਘ, ਦਲਜੀਤ ਸਿੰਘ, ਅਰਵਿੰਦਰ ਸਿੰਘ, ਅੰਮ੍ਰਿਤਪਾਲ ਸਿੰਘ, ਨਿਸ਼ਾਨ ਸਿੰਘ, ਯਾਦਵਿੰਦਰ ਸਿੰਘ , ਦਵਿੰਦਰ ਸਿੰਘ,ਗੁਰਕਰਨਦੀਪ ਸਿੰਘ ਕਨੇਡਾ, ਗਗਨਦੀਪ ਸਿੰਘ, ਗੁਰਿੰਦਰ ਸਿੰਘ, ਹਰਸ਼ਰਨਪ੍ਰੀਤ ਸਿੰਘ, ਜਗਦੀਸ਼ ਸਿੰਘ ਅਮਰੀਕਾ ਸੇਵਾਦਾਰ ਹਾਜਿਰ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਗੁਰਪੁਰਬ ਦੀਆਂ

# ਪ੍ਰਭਾਤ ਫੇਰੀਆਂ ਹੋਈਆਂ ਸ਼ੁਰੂ

**ਫ਼ਿਰੋਜ਼ਪੁਰ, 28 ਦਸੰਬਰ (ਮਨੋਹਰ ਲਾਲ)** :— ਗੁਰਦੁਆਰਾ ਮਾਈ ਰਾਮ ਦੇਵੀ ਜੀ ਦੀ ਸਾਰੀ ਸੰਗਤ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਗੁਰਪੁਰਬ ਨੂੰ ਮੁੱਖ ਰੱਖਦਿਆ ਪ੍ਰਭਾਤ ਫੇਰੀਆਂ ਆਰੰਭ ਹੋ ਚੁੱਕੀਆਂ ਹਨ। ਇਹ ਪ੍ਰਭਾਤ ਫੇਰੀਆਂ ਛੇ ਜਨਵਰੀ ਦਿਨ ਸੋਮਵਾਰ ਤੱਕ ਕੱਢੀਆਂ ਜਾਣਗੀਆਂ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਗੁਰਪੁਰਬ ਨੂੰ ਮੁੱਖ ਰੱਖਦਿਆਂ ਚਾਰ ਜਨਵਰੀ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਸਰਦਾਰ ਰਜਿੰਦਰ ਸਿੰਘ ਪਰਿਵਾਰ ਵੱਲੋਂ ਆਰੰਭ ਹੋਣਗੇ, ਜਿਸ ਦੇ ਭੋਗ ਛੇ ਜਨਵਰੀ ਸਵੇਰੇ 10 ਵਜੇ ਪਾਏ ਜਾਣਗੇਗ਼ ਉਪਰੰਤ ਭਾਈ ਅਵਤਾਰ ਸਿੰਘ ਜੀ ਫੌਜੀ ਬੀਬੀ ਕੁਲਤਾਰ ਕੌਰ ਬੀਬੀ ਅਰਸ਼ਦੀਪ ਕੌਰ ਬੀਬੀ ਪਰਵਿੰਦਰ ਕੌਰ ਮੱਕੜ ਸਾਰੇ ਸ਼ਬਦ ਕੀਰਤਨ ਅਤੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਗੇ ਸਾਰੀ ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਲਾਕਾ ਨਿਵਾਸੀ ਗੁਰੂ ਕੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਪ੍ਰਭਾਤ ਫੇਰੀਆਂ ਅਤੇ ਅਵਤਾਰ ਗੁਰਪੁਰਬ ਤੇ ਹਾਜ਼ਰੀ ਭਰ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ ਇਹ ਬੇਨਤੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਹਰਜੀਤ ਸਿੰਘ ਵੱਲੋਂ ਅਤੇ ਸੀਨੀਅਰ ਮੀਤ ਪ੍ਰਧਾਨ ਹਰਦੀਪ ਸਿੰਘ ਭੱਲਾ ਪਸ਼ਿਵੰਦਰ ਸਿੰਘ ਪਾਪੜਾਂ ਵਾਲੇ ਸਰਬਜੀਤ ਸਿੰਘ ਪਾਪੜਾਂ ਵਾਲੇ ਸੋਨੂ ਬਾਵਾ ਅਜੇ ਮੌਂਗਾ ਬੱਲੀ ਬਿਕਰਮਜੀਤ ਸਿੰਘ ਮਾਸਟਰ ਦਵਿੰਦਰ ਸਿੰਘ ਰਵਿੰਦਰ ਸਿੰਘ ਸਿਮਰਨਜੀਤ ਸਿੰਘ ਨਰਿੰਦਰ ਪਾਲ ਸੰਜੇ ਚਾਨਣਾ ਪਿਆਰਾ ਲਾਲ ਬੀਬੀ ਜਸਵੰਤ ਕੌਰ ਬੀਬੀ ਮਮਤਾ ਗਰੋਵਰ ਅਤੇ ਹੈਡ ਗ੍ਰੰਥੀ ਭਾਈ ਅਵਤਾਰ ਸਿੰਘ ਜੀ ਫੌਜੀ ਵੱਲੋਂ ਕੀਤੀ ਜਾਂਦੀ ਹੈ।




## ਪੋਹ ਮਹੀਨੇ ਦੇ ਸ਼ਹੀਦੀ ਪੰਦਰਵਾੜੇ ਦੇ ਆਖਰੀ ਦਿਨ 35 ਰੰਘਰੇਟਾ ਨਿਹੰਗ ਸਿੰਘ ਜਥੇਬੰਦੀਆਂ ਨੇ ਸ਼ਾਨਦਾਰ ਮਹੱਲੇ ਦਾ ਪ੍ਰਦਰਸ਼ਨ ਕੀਤਾ : ਭਾਈ ਵਿਰਸਾ ਸਿੰਘ ਖਾਲਸਾ



**ਜੰਡਿਆਲਾ ਗੁਰੂ, 28 ਦਸੰਬਰ ( ਕੁਲਵੰਤ ਸਿੰਘ ਵਿਰਦੀ)**-ਪੋਹ ਮਹੀਨੇ ਦੇ ਸ਼ਹੀਦਾਂ ਦਾ ਪੰਦਰਵਾੜਾ ਸੰਪੂਰਨ ਹੋਇਆ ਤੇ ਅੱਜ ਅਕਾਲ ਪੁਰਖ ਦੀਆਂ ਲਾਡਲੀਆਂ ਨਿਹੰਗ ਸਿੰਘ ਫ਼ੌਜਾਂ ਵੱਲੋਂ ਸ਼ਾਨਦਾਰ ਮੁਹੱਲੇ ਦਾ ਪ੍ਰਦਰਸ਼ਨ ਕੀਤਾ ਗਿਆ ਅਤੇ ਸੰਗਤਾਂ ਨੂੰ ਸਿੱਖੀ ਦੇ ਸੁਨਹਿਰੀ ਪੁਰਾਤਨ ਵਿਰਸੇ ਇਤਿਹਾਸ ਨਾਲ ਜੋੜਨ ਲਈ ਜੰਗੀ ਪੱਧਰ ਤੇ ਉਪਰਾਲੇ ਕੀਤੇ ਗਏ, ਅਖੰਡ ਪਾਠ ਸਾਹਿਬ ਰਖਵਾਏ ਗਏ, ਨਗਰ ਕੀਰਤਨ ਤੇ ਧਾਰਮਿਕ ਦੀਵਾਨ ਸਜਾਏ ਗਏ ਅਤੇ ਗੁਰੂ ਕੇ ਲੰਗਰ ਦੇਗਾਂ ਸਰਦਾਈਆ ਅਟੁੱਟ ਵਰਤਾਏ ਗਏ, ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਮਹੱਲੇ ਦੀਆਂ ਹਾਜ਼ਰੀਆਂ ਭਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ, ਭਾਈ ਖਾਲਸਾ ਨੇ ਦੱਸਿਆ ਗੁਰਦੁਆਰਾ ਜੋਤੀ ਸਰੂਪ ਦੇ ਆਸ ਪਾਸ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਮੁਖੀ ਦਸਮੇਸ਼ ਤਰਨਦਲ, ਜਥੇਦਾਰ ਬਾਬਾ ਬਲਦੇਵ ਸਿੰਘ ਵੱਲਾ ਮੁਖੀ ਸ਼ਹੀਦ ਬਾਬਾ ਜੀਵਨ ਸਿੰਘ ਤਰਨਦਲ ਤੇ ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ ਮੁਖੀ ਮਾਲਵਾ ਤਰਨਾ ਦਲ ਸਮੇਤ ਹੋਰ ਦਲਪੰਧ ਵੱਲੋਂ ਪਰਸੋਂ ਰੋਜ਼ ਤੋਂ ਰੱਖੇਂ ਅਖੰਡ ਪਾਠਾਂ ਦੇ ਸੰਪੂਰਨ ਭੋਗ, ਆਰਤੀ ਆਰਤੇ ਤੋਂ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਪੰਥ ਦੇ ਨਾਮਵਰ ਰਾਗੀ ਢਾਡੀ ਕਵੀਸ਼ਰ ਪ੍ਰਚਾਰਕਾਂ ਤੇ ਕਥਾਵਾਚਕਾ ਤੋਂ ਇਲਾਵਾ ਧਾਰਮਿਕ ਖੇਤਰ ਵਿੱਚ ਸਰਗਰਮ ਸੰਤਾਂ ਮਹਾਪੁਰਸ਼ਾਂ ਨੇ ਹਾਜ਼ਰੀ ਲਵਾਈ ਅਤੇ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰ ਕੌਰ ਦੇ ਨਾਲ ਨਾਲ ਸਮੂਹ ਸ਼ਹੀਦਾਂ ਦੀ ਮਹਾਨ ਸ਼ਹਾਦਤ ਸਬੰਧੀ ਵਿਸਥਾਰ ਨਾਲ ਚਾਨਣਾ ਪਾਇਆ, ਭਾਈ ਖਾਲਸਾ ਨੇ ਦੱਸਿਆ 3 ਵਜੇ ਦੀਵਾਨ ਸਮਾਪਤੀ ਤੋਂ ਬਾਅਦ ਨਿਹੰਗ ਸਿੰਘਾਂ ਵੱਲੋਂ ਆਪਣੇ ਆਪਣੇ ਘੋੜਿਆ ਤੇ ਸਵਾਰ ਨੇਜ਼ੇ ਬਰਛੇ ਬਰਛੀਆਂ ਖੰਡੇ ਕਿਰਪਾਨਾਂ ਦੋ ਧਾਰੇ ਤੇ ਹੋਰ ਰਵਾਇਤੀ ਹਥਿਆਰਾਂ ਨਾਲ ਲੈਸ ਹੋ ਕੇ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਮੁਖੀ ਦਸਮੇਸ਼ ਤਰਨਦਲ,ਜਥੇਦਾਰ ਬਾਬਾ ਬਲਦੇਵ ਸਿੰਘ ਵੱਲਾ ਮੁਖੀ ਸ਼ਹੀਦ ਬਾਬਾ ਜੀਵਨ ਸਿੰਘ ਤਰਨਦਲ ਤੇ ਜਥੇਦਾਰ ਬਾਬਾ ਸੁਖਪਾਲ ਸਿੰਘ ਫੂਲ ਬਠਿੰਡਾ ਮੁੱਖੀ ਮਾਲਵਾ ਤਰਨਾ ਦਲ ਬਾਬਾ ਸੰਗਤ ਸਿੰਘ ਦੀ ਅਗਵਾਈ ਹੇਠ, ਸਮੂਹ ਧਾਰਮਿਕ ਗੁਰਦੁਆਰਿਆਂ ਦੀਆਂ ਪਰਕਰਮਾਂ ਕਰਨ ਤੋਂ ਉਪਰੰਤ ਸਥਾਨਕ ਸਟੇਡੀਅਮ ਵਿੱਚ ਗਤਕਾ ਬਾਜ਼ੀ ਦੇ ਜੌਹਰ ਦਿਖਾਏ ਗਏ, ਭਾਈ ਖਾਲਸਾ ਨੇ ਦੱਸਿਆ ਮਹੱਲੇ ਵਿੱਚ ਜਥੇਦਾਰ ਬਾਬਾ ਬਲਦੇਵ ਸਿੰਘ ਮੁਸਤਫ਼ਾ ਪੁਰ, ਜਥੇਦਾਰ ਬਾਬਾ ਪ੍ਰਗਟ ਸਿੰਘ ਮਜੀਠਾ ਬਾਈਪਾਸ, ਜਥੇਦਾਰ ਬਾਬਾ ਸਤਨਾਮ ਸਿੰਘ ਪ੍ਰਧਾਨ ਖਾਪੜਖੇੜੀ,ਜਥੇਦਾਰ ਬਾਬਾ ਹਰਜਿੰਦਰ ਸਿੰਘ ਮੁਕਤਸਰ ਜਥੇਦਾਰ ਬਾਬਾ ਸਨੀ ਸਿੰਘ ਯੂ ਕੇ, ਜਥੇਦਾਰ ਆਲੋਵਾਲ , ਜਥੇਦਾਰ ਬਾਬਾ ਤਰਸੇਮ ਸਿੰਘ ਰੰਘੜਨੰਗਲ ਜਥੇਦਾਰ ਬਾਬਾ ਬਲਬੀਰ ਸਿੰਘ, ਬਾਬਾ ਨਰਿੰਦਰ ਸਿੰਘ ਵੱਲਾ, ਬਾਬਾ ਰਾਜਾ ਸਿੰਘ ਵੱਲਾ ਜਥੇਦਾਰ ਬਾਬਾ ਗੁਰਮੁਖ ਸਿੰਘ ਪੱਟੀ ਆਦਿ ਸ਼ਾਮਲ ਸਨ, ਮਹੱਲਾ ਖੇਡਣ ਵਾਲਿਆਂ ਨਿਹੰਗ ਸਿੰਘਾਂ ਨੂੰ ਮੁੱਖ ਜਥੇਦਾਰ ਸਾਹਿਬਾਨਾਂ ਵਲੋਂ ਸਨਮਾਨਿਤ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਦੇਗਾਂ ਸਰਦਾਈਆ ਅਤੁੱਟ ਵਰਤਾਏ ਗਏ । ਇਸ ਮੌਕੇ ਤੇ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਸਾਹਿਬ ਨੇ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਕਿ ਉਹ ਘਰਾਂ ਵਿੱਚ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦੇ ਸ਼ਹੀਦੀ ਇਤਿਹਾਸ ਤੋਂ ਜਾਣੂ ਕਰਵਾਉਣ ਦੀ ਲੋੜ ਤੇ ਜ਼ੋਰ ਦਿਆ ਕਰਨ।

## ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਕਾ ਦੀ ਇਕਾਈ ਦੀ ਹੋਈ ਚੋਣ



**ਫ਼ਿਰੋਜ਼ਪੁਰ, 28 ਦਸੰਬਰ (ਮਨੋਹਰ ਲਾਲ)** :— ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਜਿਲਾ ਫਿਰੋਜਪੁਰ ਵੱਲੋਂ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਜਿਲਾ ਸੀਨੀਅਰ ਮੀਤ ਪ੍ਰਧਾਨ ਦਰਸ਼ਨ ਸਿੰਘ ਕੜਮਾ ਦੀ ਅਗਵਾਈ ਹੇਠ ਪਿੰਡ ਮਹਿਮਾ ਵਿਖੇ ਪਿੰਡ ਇਕਾਈ ਦੀ ਚੋਣ ਕੀਤੀ ਗਈ। ਇਸ ਮੌਕੇ ਬੁਲਾਰਿਆਂ ਨੇ ਬੋਲਦਿਆਂ ਹੋਇਆਂ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਤੋਂ ਕਿਸਾਨਾਂ ਨੂੰ ਜਾਗਰੂਕ ਕਰਵਾਇਆ 13 ਮਹੀਨੇ ਦੇ ਲਗਭਗ ਦਿੱਲੀ ਵਿਖੇ ਚੱਲੇ ਇਤਿਹਾਸਕ ਘੋਲ ਰਾਹੀਂ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਇਆ ਗਿਆ ਲੇਕਿਨ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਉਹਨਾਂ ਤਿੰਨ ਕਾਨੂੰਨਾਂ ਨੂੰ ਚੋਰ ਮੋਰੀ ਰਾਹੀਂ ਦੁਬਾਰਾ ਤੋਂ ਫਿਰ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ ਜਿਸ ਦੀ ਤਿਆਰੀ ਵਜੋਂ ਲੋਕਾਂ ਨੂੰ ਜਥੇਬੰਦ ਹੋਣ ਦੀ ਅਪੀਲ ਕੀਤੀ ਗਈ ਇਸ ਹੀ ਲੜੀ ਦੇ ਤਹਿਤ ਪਿੰਡ ਮਹਿਮਾ ਵਿਖੇ 21 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਇਸ ਮੌਕੇ ਜ਼ਿਲ੍ਹਾ ਖਜਾਨਚੀ ਜਤਿੰਦਰ ਸਿੰਘ ਰਿੰਕੂ ਕੜਮਾ ਜਸ਼ਨ ਸਿੰਘ ਅਟਾਰੀ ਵਾਲਾ ਅੰਗਰੇਜ਼ ਸਿੰਘ ਜਾਗੋ ਕੇ ਅਵਤਾਰ ਸਿੰਘ ਭੋਲਾ ਜਸ਼ਨਪ੍ਰੀਤ ਸਿੰਘ ਜੰਗ ਲਖਵਿੰਦਰ ਸਿੰਘ ਸਤਨਾਮ ਸਿੰਘ ਗੁਰਭੇਜ ਸਿੰਘ ਕਿਰਪਾਲਕੇ ਜਸਬੀਰ ਸਿੰਘ ਭੰਗੂ ਗੁਰਮੰਦਰ ਸਿੰਘ ਜਗਮੀਤ ਸਿੰਘ ਮੁਕਾਮ ਸੁਰਜੀਤ ਸਿੰਘ ਅਟਾਰੀ ਵਾਲਾ ਅਮਰਜੀਤ ਸਿੰਘ ਭੰਗੂ ਪਰਮਜੀਤ ਸਿੰਘ ਪ੍ਰੀਤਮ ਸਿੰਘ ਗੁਰਮੁਖ ਸਿੰਘ ਭਿੰਦਾ ਪਟਵਾਰੀ ਸਰਬਜੀਤ ਸਿੰਘ ਬੁੱਧੋ ਕਾ ਕਲਗਾ ਸਿੰਘ ਜਰਮਲ ਸਿੰਘ ਭੰਗੂ ਆਦਿ ਹਾਜ਼ਰ ਸਨ।

### ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦੇ, ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਅਤੇ ਅਨੇਕਾਂ

# ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ








**ਫ਼ਿਰੋਜ਼ਪੁਰ, 28 ਦਸੰਬਰ (ਮਨੋਹਰ ਲਾਲ) :—** ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਵਿਖੇ ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦਿਆਂ, ਅਮਰ ਸ਼ਹੀਦ ਬਾਬਾ ਹਿੰਮਤ ਸਿੰਘ ਜੀ ਬਾਠ ਅਤੇ ਹੋਰ ਅਨੇਕਾਂ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਅਤੇ ਪੰਜ ਨਿਸ਼ਾਚੀਆਂ ਦੀ ਅਗਵਾਈ ਹੇਠ ਚਲਿਆ। ਇਹ ਵਿਸ਼ਾਲ ਨਗਰ ਕੀਰਤਨ ਸਵੇਰੇ 8:30 ਵਜੇ ਪ੍ਰਾਰੰਭ ਹੋ ਕੇ ਵੱਖ—ਵੱਖ ਪਿੰਡਾਂ ਤੂਤ, ਚੁੱਘੇ ਵਾਲਾ, ਮੁਮਾਰਾ, ਡੋਡ, ਸੰਗਰਾਹੂਰ, ਬੁੱਟਰ, ਕਿਲੀ, ਥੇਹ ਗੁੱਜਰ, ਮਹਿਮਾ, ਰੋੜਾਂ ਵਾਲਾ, ਚੂਹੜ ਖਿਲਚੀਆਂ, ਗੁਲਾਮ ਪੱਤਰਾ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਛੱਪੜੀ ਸਾਹਿਬ ਪਹੁੰਚਿਆ। ਇਸ ਵਿਸ਼ਾਲ ਨਗਰ ਕੀਰਤਨ ਵਿਚ ਮੀਂਹ ਦੇ ਬਾਵਜੂਦ ਵੀ ਭਾਰੀ ਗਿਣਤੀ ਵਿਚ ਸੰਗਤਾਂ ਆਪਣੇ—ਆਪਣੇ ਵਹੀਕਲਾਂ, ਕਾਰਾਂ, ਜੀਪਾਂ, ਬੱਸਾਂ, ਟਰੈਕਟਰ ਟਰਾਲੀਆਂ ਰਾਹੀਂ 2 ਕਿਲੋਮੀਟਰ ਤੱਕ ਲੰਮੀਆਂ ਕਤਾਰਾਂ ਵਿਚ ਸਾਰਾ ਦਿਨ ਚਲੀਆਂ। ਇਸ ਮੌਕੇ ਤੇ ਥਾਂ—ਥਾਂ ਪਿੰਡਾਂ ਵੱਲੋਂ ਚਾਹ ਪਕੌੜਿਆਂ ਦਾ ਲੰਗਰ, ਖੀਰ ਦਾ ਲੰਗਰ, ਫਰੂਟ ਦਾ ਲੰਗਰ, ਮਿੱਠੇ ਚਾਵਲਾਂ ਦਾ ਲੰਗਰ, ਦੁੱਧ ਦਾ ਲੰਗਰ ਤੋਂ ਇਲਾਵਾ ਹਰ ਤਰ੍ਹਾਂ ਦੇ ਲੰਗਰ ਸੰਗਤਾਂ ਨੂੰ ਛਕਾਏ ਗਏ। ਇਸ ਨਗਰ ਕੀਰਤਨ ਵਿਚ ਰਾਗੀ ਜਥਿਆਂ ਵੱਲੋਂ ਸਾਰਾ ਦਿਨ ਕੀਰਤਨ ਚਲਦਾ ਰਿਹਾ। ਇਸ ਨਗਰ ਕੀਰਤਨ ਵਿਚ ਬੈਂਡ ਵਾਜੇ ਅਤੇ ਗੱਤਕਾ ਪਾਰਟੀਆਂ ਵੱਲੋਂ ਆਪਣੀ ਕਲਾਂ ਦੇ ਜ਼ੌਹਰ ਵਿਖਾਏ ਗਏ। ਨਗਰ ਕੀਰਤਨ ਵਿਚ ਸਿੰਘਾਂ ਨੇ ਕੇਸਰੀ ਦਸਤਾਰਾਂ ਅਤੇ ਬੀਬੀਆਂ ਵੱਲੋਂ ਕੇਸਰੀ ਦੁਪਟੇ ਪਹਿਨ ਕੇ ਸ਼ਾਮਲ ਹੋਏ। ਇਸ ਮੌਕੇ ਭਾਈ ਹਰਪਿੰਦਰ ਸਿੰਘ, ਭਾਈ ਜਗਵਿੰਦਰ ਸਿੰਘ ਗੁਰਦੁਆਰਾ ਛੱਪੜੀ ਸਾਹਿਬ ਨੇ ਸਾਰਾ ਦਿਨ ਗੱਡੀਆਂ ਨੂੰ ਇਕ ਪਾਸੇ ਲਾਈਨਾਂ ਵਿਚ ਲਾਉਣ ਦੀ ਅਪੀਲ ਕੀਤੀ ਅਤੇ ਨੰਬਰਾਂ ਨਾਲ ਚਲਣ ਦੀ ਬੇਨਤੀ ਕਰਦੇ ਬਹੁਤ ਵਧੀਆ ਢੰਗ ਨਾਲ ਨਗਰ ਕੀਰਤਨ ਸਜਾਇਆ। ਇਸ ਮੌਕੇ ਤੇ ਗੁਰਦੁਆਰਾ ਛੱਪੜੀ ਸਾਹਿਬ ਪਿੰਡ ਤੂਤ ਦੇ ਮੁੱਖ ਸੇਵਾਦਾਰ ਸ੍ਰੀਮਾਨ ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲਿਆਂ ਨੇ ਸਮੂਹ ਆਏ ਹੋਏ ਸੰਤਾਂ ਮਹਾਂਪੁਰਸ਼ਾਂ, ਪਿੰਡਾਂ ਦੇ ਮੋਹਤਬਰ ਅਤੇ ਸੰਗਤਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਮੀਂਹ ਦੇ ਬਾਵਜੂਦ ਵੀ ਸਾਰਾ ਦਿਨ ਨਗਰ ਕੀਰਤਨ ਵਿਚ ਹਾਜ਼ਰੀ ਭਰੀ। ਇਸ ਮੌਕੇ ਤੇ ਸਟੇਜ਼ ਦੀ ਸੇਵਾ ਭਾਈ ਹਰਜੀਤ ਸਿੰਘ ਤੂਤ ਨੇ ਬਾਖੂਬੀ ਨਿਭਾਈ।

### ਕਿਸਾਨ ਜਥੇਬੰਦੀਆਂ ਦੀ ਹਮਾਇਤ ਤੇ ਆਈ ਫੈਡਰੇਸ਼ਨ ਮਹਿਤਾ

# ਪੰਜਾਬ ਬੰਦ ਨੂੰ ਸਫਲ ਬਨਾਉਣ ਲਈ ਹਰ ਸੰਭਵ ਯਤਨ ਕਰਾਂਗੇ : ਭਾਈ ਜਸਪਾਲ ਸਿੰਘ



ਫ਼ਿਰੋਜ਼ਪੁਰ, 28 ਦਸੰਬਰ (ਮਨੋਹਰ ਲਾਲ) :— ਕਿਸਾਨ ਜਥੇਬੰਦੀਆਂ ਵੱਲੋਂ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਲੜੇ ਜਾ ਰਹੇ ਸੰਘਰਸ਼ ਦੌਰਾਨ 30 ਦਸੰਬਰ ਨੂੰ ਪੰਜਾਬ ਬੰਦ ਦੇ ਕੀਤੇ ਐਲਾਨ ਨੂੰ ਜਿਥੇ ਹੋਰ ਵੀ ਕਈ ਜਥੇਬੰਦੀਆਂ ਕਿਸਾਨਾਂ ਦੀ ਹਮਾਇਤ ਤੇ ਆ ਗਈਆਂ ਹਨ, ਉਥੇ ਇਲਾਕੇ ਵਿਚ ਆਪਣਾ ਕਾਫੀ ਪ੍ਰਭਾਵ ਰੱਖਣ ਵਾਲੀ ਧਾਰਮਿਕ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਨੇ ਵੀ ਇਸ ਬੰਦ ਨੂੰ ਸਫਲ ਬਨਾਉਣ ਅਤੇ ਕਿਸਾਨੀ ਅੰਦੋਲਨ ਦੀ ਹਮਾਇਤ ਦਾ ਐਲਾਨ ਕੀਤਾ ਹੈ। ਅੱਜ ਇਕ ਜਾਰੀ ਪ੍ਰੈਸ ਨੋਟ ਵਿਚ ਫੈਡਰੇਸ਼ਨ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ ਨੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਿਆ ਹੈ, ਉਥੇ ਕੇਂਦਰ ਸਰਕਾਰ ਨੂੰ ਦਲੀਲ ਦਿੱਤੀ ਕਿ ਉਹ ਕਿਸਾਨਾਂ ਨਾਲ ਟਕਰਾਅ ਦੀ ਸਥਿਤੀ ਛੰਡ ਕੇ ਉਨ੍ਹਾਂ ਦੀ ਹੱਕੀ ਮੰਗਾਂ ਨੂੰ ਤੁਰੰਤ ਪ੍ਰਵਾਨ ਕਰੇ। ਭਾਈ ਜ਼ਸਪਾਲ ਸਿੰਘ ਤੇ ਸਾਥੀਆਆਂ ਨੇ 30 ਦਸੰਬਰ ਦੇ ਬੰਦ ਦੇ ਸੱਦੇ ਨੂੰ ਸਫਲ ਬਨਾਉਣ ਬਾਰੇ ਸਪੱਸ਼ਟ ਕੀਤਾ ਕਿ ਉਨ੍ਹਾਂ ਦੇ ਵਰਕਰ ਉਸ ਦਿਨ ਕਿਸਾਨਾਂ ਦਾ ਪੂਰਾ ਸਾਥ ਦੇਣਗੇ ਅਤੇ ਬੰਦ ਨੂੰ ਸਫਲ ਵੀ ਬਨਾਉਣਗੇ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜ਼ਰੂਰੀ ਵਸਤਾਂ ਦੀ ਸਪਲਾਈ ਯਕੀਨੀ ਬਣਾਈ ਜਾਵੇਗੀ ਅਤੇ ਕਿਸੇ ਮਰੀਜ, ਮੈਡੀਕਲ ਅਤੇ ਵਿਆਹ ਦੇ ਕਾਰਜ ਕਰਨ ਵਾਲਿਆਂ ਨੂੰ ਪ੍ਰੇਸ਼ਾਨ ਨਹੀਂ ਕੀਤਾ ਜਾਵੇਗਾ। ਇਸ ਸਮੇਂ ਭਾਈ ਜ਼ਸਪਾਲ ਸਿੰਘ ਦੇ ਨਾਲ ਭਾਈ ਸੁਖਦੇਵ ਸਿੰਘ ਲਾਡਾ, ਜਰਨੈਲ ਸਿੰਘ ਗਾਬੜੀਆ, ਡਾ: ਗੁਰਮੀਤ ਸਿੰਘ, ਜ਼ਸਬੀਰ ਸਿੰਘ ਤੇਗਾ ਸਿੰਘ ਵਾਲਾ, ਅਵਤਾਰ ਸਿੰਘ ਜ਼ੋਸਨ, ਗਗਨਦੀਪ ਸਿੰਘ ਚਾਵਲਾ, ਗੁਰਦਰਸ਼ਨ ਸਿੰਘ ਬੱਬੀ, ਕੁਲਦੀਪ ਸਿੰਘ ਲੋਕੋ, ਕਰਮਜੀਤ ਸਿੰਘ ਬੱਬਾ, ਕੁਲਦੀਪ ਸਿੰਘ ਨੰਦਾ, ਕਿਰਨਦੀਪ ਸਿੰਘ ਭੁੱਲਰ, ਗੁਰਵਰਪ੍ਰੀਤ ਸਿੰਘ ਗੋਰਾ, ਗੁਰਮੇਲ ਸਿੰਘ, ਲਕਸ਼ਦੀਪ ਸਿੰਘ ਆਦਿ ਆਗੂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਪਟਵਾਰ ਖਾਨਾ ਜ਼ਿਲ੍ਹਾ ਪ੍ਰੀਸ਼ਦ ਨੇੜੇ ਰੇਲਵੇ ਪੁਲਿਸ ਫ਼ਿਰੋਜ਼ਪੁਰ ਸ਼ਹਿਰ ਵਿਖੇ ਸ਼ਹੀਦੀ ਹਫਤੇ ਤੇ ਸੁਖਮਣੀ ਸਾਹਿਬ ਦੇ ਪਾਠ ਕਰਵਾਏ



**ਫ਼ਿਰੋਜ਼ਪੁਰ, 28 ਦਸੰਬਰ (ਮਨੋਹਰ ਲਾਲ) :—** ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪਟਵਾਰ ਖਾਨਾ ਜ਼ਿਲ੍ਹਾ ਪ੍ਰੀਸ਼ਦ ਨੇੜੇ ਰੇਲਵੇ ਪੁਲ ਫ਼ਿਰੋਜ਼ਪੁਰ ਸ਼ਹਿਰ ਵਿਖੇ ਸਰਬੰਸਦਾਨੀ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰ ਕੌਰ ਜੀ, ਚਾਰ ਸਾਹਿਬਜ਼ਾਦੇ ਅਤੇ ਅਨੇਕਾਂ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠ ਕਰਵਾਏ ਗਏ। ਪਾਠ ਉਪਰੰਤ ਕੀਰਤਨ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਮਾਤਾ ਗੁਜਰ ਕੌਰ, ਚਾਰ ਸਾਹਿਬਜ਼ਾਦਿਆਂ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਸੰਗਤਾਂ ਨੂੰ ਜਾਣੂ ਕਰਵਾਇਆ ਅਤੇ ਕਿਹਾ ਕਿ 20 ਦਸੰਬਰ ਤੋਂ ਲੈ ਕੇ 28 ਦਸੰਬਰ ਤੱਕ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਸਾਰਾ ਪਰਿਵਾਰ ਸ਼ਹੀਦ ਹੋ ਗਿਆ, ਸਾਨੂੰ ਉਨ੍ਹਾਂ ਦੀ ਕੁਰਬਾਨੀ ਨੂੰ ਕਦੇ ਵੀ ਭੁਲਾਣਾ ਨਹੀਂ ਚਾਹੀਦਾ। ਇਸ ਮੌਕੇ ਤੇ ਸਮੂਹ ਪਟਵਾਰੀ ਅਤੇ ਕਾਨੂੰਗੋ ਅਤੇ ਹੋਰ ਵੀ ਬਹੁਤ ਸਾਰੀਆਂ ਸੰਗਤਾਂ ਹਾਜ਼ਰ ਸਨ। ਇਸ ਮੌਕੇ ਤੇ ਗੁਰੂ ਕਾ ਲੰਗਰ, ਚਾਹ ਪੱਠੀ ਅਤੇ ਬਿਸਕੁਟਾਂ ਦਾ ਲੰਗਰ ਅਤੁੱਟ ਵਰਤਾਇਆ ਗਿਆ।

# ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤਰਵੈਨੀ ਚੌਕ ਫ਼ਿਰੋਜ਼ਪੁਰ ਛਾਉਣੀ ਵਿਖੇ ਮਾਤਾ ਗੁਜਰ ਕੌਰ, ਚਾਰ ਸਾਹਿਬਜ਼ਾਦੇ ਅਤੇ ਅਨੇਕਾਂ ਸਿੱਖ ਕੌਮ ਦੇ ਮਹਾਨ ਸ਼ਹੀਦ ਸਿੰਘਾਂ ਲਈ 22 ਦਸੰਬਰ ਤੋਂ ਚੱਲ ਰਹੇ ਸ੍ਰੀ ਜਪੁਜੀ ਸਾਹਿਬ ਤੇ ਚੋਪਾਈ ਸਾਹਿਬ ਦੇ ਪਾਠਾਂ ਦੇ ਭੋਗ ਪਾਏ





ਫ਼ਿਰੋਜ਼ਪੁਰ, 28 ਦਸੰਬਰ (ਮਨੋਹਰ ਲਾਲ) :— ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤਰਵੈਨੀ ਚੌਕ ਫ਼ਿਰੋਜ਼ਪੁਰ ਛਾਉਣੀ ਵਿਖੇ ਮਾਤਾ ਗੁਜਰ ਕੌਰ, ਚਾਰ ਸਾਹਿਬਜਾਦਿਆਂ ਅਤੇ ਅਨੇਕਾਂ ਸਿੱਖ ਕੌਮ ਦੇ ਮਹਾਨ ਸ਼ਹੀਦ ਸਿੰਘਾਂ ਲਈ 22 ਦਸੰਬਰ ਤੋਂ ਚੱਲ ਰਹੇ ਸ੍ਰੀ ਜਪੁਜੀ ਸਾਹਿਬ ਤੇ ਚੋਪਾਈ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ, ਭੋਗ ਉਪਰੰਤ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ ਜਥਿਆਂ ਵੱਲੋਂ ਆਪਣੀ ਮਧੁਰ ਬਾਣੀ ਨਾਲ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਨਿਹਾਲ ਕੀਤਾ। ਇਸ ਮੌਕੇ ਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤਰਵੈਨੀ ਚੌਕ ਫ਼ਿਰੋਜ਼ਪੁਰ ਛਾਉਣੀ ਦੇ ਪ੍ਰਧਾਨ ਨੇ ਬੋਲਦਿਆਂ ਕਿਹਾ ਕਿ ਸਾਹਿਬ ਏ ਕਮਾਲ ਧੰਨ—ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 22 ਦਸੰਬਰ (6 ਪੋਹ) ਨੂੰ ਸ੍ਰੀ ਆਨੰਦਪੁਰ ਸਾਹਿਬ ਦਾ ਕਿਲਾ ਛੱਡਿਆ ਅਤੇ ਸਰਸਾ ਨਦੀ ਪਾਰ ਕਰਦਿਆਂ ਉਨ੍ਹਾਂ ਦਾ ਸਾਰਾ ਪਰਿਵਾਰ ਵਿਛੜ ਗਿਆ। ਇਸੇ ਤਰ੍ਹਾਂ ਇਨ੍ਹਾਂ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ, ਜਿਸ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਫਤਹਿ ਸਿੰਘ, ਚਮਕੌਰ ਪਹੁੰਚੇ ਅਤੇ ਮੂਗਲਾਂ ਨਾਲ ਯੁੱਧ ਵਿਚ ਸ਼ਹੀਦ ਹੋ ਗਏ ਅਤੇ ਨਾਲ ਹੀ 40 ਸਿੰਘ ਵੀ ਸ਼ਹੀਦ ਹੋ ਗਏ ਅਤੇ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਵਜੀਰ ਖਾਂ ਨੇ ਠੰਡੇ ਬੁਰਜ ਵਿਚ ਕੈਦ ਕਰ ਲਿਆ ਅਤੇ ਉਨ੍ਹਾਂ ਨੂੰ ਧਰਮ ਪਰਿਵਰਤਨ ਲਈ ਲਾਲਚ ਅਤੇ ਧਮਕੀਆਂ ਨਾਲ ਕਬੂਲ ਕਰਨ ਅਤੇ ਤਸੀਹੇ ਦੇਣ ਦੀਆਂ ਧਮਕੀਆਂ ਦਿੱਤੀਆਂ, ਪਰ ਛੋਟੇ ਸਾਹਿਬਜ਼ਾਦਿਆਂ ਨੇ ਉੱਤਰ ਦਿੱਤਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਬੇਟੇ ਹਾਂ, ਤੁਹਾਡੀਆਂ ਗਿਦੜ ਧਮਕੀਆਂ ਤੋਂ ਨਹੀਂ ਡਰਦੇ, ਅਖੀਰ ਵਿਚ ਵਜੀਰ ਖਾਂ ਨੇ ਛੋਟੀ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਦਿੱਤਾ, ਜਦੋਂ ਮਾਤਾ ਗੁਜਰ ਕੌਰ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਵੀ ਸ਼ਹਾਦਤ ਦਾ ਜਾਪ ਪੀਤਾ ਅਤੇ ਵਜੀਰ ਖਾਂ ਨੇ ਐਲਾਨ ਕੀਤਾ ਕਿ ਜਿਹੜਾ ਵੀ ਸੰਸਕਾਰ ਕਰੇਗਾ, ਉਨ੍ਹਾਂ ਨੂੰ ਮੌਤ ਦੀ ਸਜਾ ਦਿੱਤੀ ਜਾਵੇਗੀ, ਪਰ ਗੁਰੂ ਦੇ ਪਿਆਰੇ ਟੋਡਰ ਮੱਲ ਜੀ ਨੇ ਆਪਣਾ ਸਾਰਾ ਕੁਝ ਦਾਅ ਤੇ ਲਗਾਉਂਦਿਆਂ 78000 ਅਮਰਫੀਆਂ ਖੜੇ ਰੁੱਖ ਰੱਖ ਕੇ ਭੇਂਟ ਕੀਤੀਆਂ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸੰਸਕਾਰ ਲਈ ਜਗ੍ਹਾ ਖਰੀਦੀ, ਜਿਥੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦਾ ਰਿਬਾਨ ਕੀਤਾ ਗਿਆ, ਉਥੇ ਅੱਜ ਕੱਲ ਗੁਰਦੁਆਰਾ ਬਿਬਾਨਗੜ੍ਹ ਸਾਹਿਬਜ, ਸਰਹਿੰਦ ਵਿਖੇ ਸੁਸ਼ੋਭਿਤ ਹੈ। ਗੁਰਦੁਆਰਾ ਬਿਬਾਨਗੜ੍ਹ ਸਾਹਿਬ ਤੋਂ ਗੁਰਦੁਆਰਾ ਜ਼ੋਤੀ ਸਰੂਪ ਸਾਹਿਬ ਤੱਕ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਪਾਵਨ ਸਰੀਰਾਂ ਨੂੰ ਲਿਆਂਦਾ ਗਿਆ। ਟੋਡਰ ਮੱਲ ਜੀ, ਬਾਬਾ ਮੋਤੀ ਰਾਮ ਮਹਿਰਾ ਜੀ ਨੇ ਆਪਣਾ ਅਰਥੀਆਂ ਨੂੰ ਮੋਢਾ ਲਗਾਇਆ। ਬਾਬਾ ਮੋਤੀ ਰਾਮ ਮਹਿਰਾ ਜੀ ਨੇ ਸੰਸਕਾਰ ਲਈ ਸ਼ੁੱਧ ਚੰਦਨ ਦੀ ਲਕੜ ਦਾ ਅੰਗੀਠਾ ਤਿਆਰ ਕੀਤਾ ਤੇ ਪਾਵਨ ਸਰੀਰ ਨੂੰ ਅਗਨ ਭੇਂਟ ਕੀਤਾ। ਟੋਡਰ ਮੱਲ ਜੀ ਅਤੇ ਬਾਬਾ ਮੋਤੀ ਰਾਮ ਮਹਿਰਾ ਜੀ ਨੂੰ ਮੌਤ ਦੀ ਸਜਾ ਸੁਣਾਈ ਗਈ ਅਤੇ ਮੋਤੀ ਰਾਮ ਮਹਿਰਾ ਨੂੰ ਠੰਡੇ ਬੁਰਜ ਵਿਚ ਦੁੱਧ ਛਕਾਉਣ ਬਦਲੇ ਗੰਗੂ ਬ੍ਰਾਹਮਣ ਦਾ ਚਚੇਰਾ ਭਰਾ ਜ਼ੋ ਕਿ ਬਾਬਾ ਜੀ ਨਾਲ ਹੀ ਰਸੋਈ ਵਿਚ ਕੰਮ ਕਰਦਾ ਸੀ, ਨੇ ਸਰਹਿੰਦ ਦੇ ਨਵਾਬ ਵਜੀਰ ਖਾਂ ਨੂੰ ਸ਼ਿਕਾਇਤ ਕੀਤੀ। ਇਸੇ ਤਰ੍ਹਾਂ ਬਾਬਾ ਮੋਤੀ ਰਾਮ ਮਹਿਰਾ, ਬਾਬਾ ਜੀ ਦੇ ਸੱਤ ਸਾਲਾ ਸਪੁੱਤਰ ਨਰਾਇਣਜੀ 70 ਸਾਲਾ ਮਾਤਾ ਲੱਧੋ ਜੀ ਅਤੇ ਸੁਪਤਨੀ ਭੋਲੀ ਜੀ ਨੂੰ ਕੋਹਲੂ ਵਿਚ ਪੀੜ ਕੇ ਸ਼ਹੀਦ ਕੀਤਾ। ਇਨ੍ਹਾਂ ਸਮਾਗਮਾਂ ਦੌਰਾਨ ਰਾਗੀ ਜਥਾ ਭਾਈ ਸੰਦੀਪ ਸਿੰਘ ਅਤੇ ਭਾਈ ਕੰਵਲਜੀਤ ਸਿੰਘ ਵੱਲੋਂ ਸੰਗਤਾਂ ਨੂੰ ਮੰਤਰ ਮੁਗਧ ਕਰਦਿਆਂ ਗੁਰੂ ਦੇ ਲੜ ਲੱਗਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਏ ਗਏ।

# ਕੀ ਕੌਮੀ ਜਥੇਦਾਰ ਤਨਖਾਹਦਾਰ ਗ੍ਰੰਥੀਆਂ ਦਾ ਹੀ ਰੂਪ ਰਹਿਣਗੇ

### ਵਿਚਾਰ ਆਪੋ-ਆਪਣਾ



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਤਖ਼ਤਾਂ ਦੇ ਜਥੇਦਾਰਾਂ ਤੋਂ ਸਿੱਖ ਕੌਮ ਹਮੇਸ਼ਾ ਸਿਧਾਂਤਕ ਅਗਵਾਈ ਦੀ ਆਸ ਰੱਖਦੀ ਹੈ ।ਪਰ ਜੋ ਕੁਝ ਹੋ ਰਿਹਾ ਹੈ ਸਿਰਫ ਤਨਖਾਹ ਦੇ ਵਾਧੇ ਵਾਲਾ ਹੀ ਰਸੂਖ ਦਿਖਾਈ ਦੇ ਰਿਹਾ ਹੈ ।ਸ਼੍ਰੋਮਣੀ ਕਮੇਟੀ ਦੇ ਬਾਦਲ/ਬਨਾਮ ਢਾਂਚੇ ਨੇ ਆਪਣਾ ਪਰਵਾਰਕ ਧੜਾ ਪਾਲਣ ਲਈ ਜਥੇਦਾਰਾਂ ਨੂੰ ਨੌਕਰ ਪਦਵੀ ਦੇ ਵੀ ਅਨੁਕੂਲ ਵੀ ਨਹੀਂ ਜਾਣਿਆਂ ।ਦੂਸਰੇ ਪਾਸੇ ਕੌਮ ਦੇ ਇਹਨਾਂ ਸਤਿਕਾਰ ਯੋਗ ਗ੍ਰੰਥੀਆਂ/ਹੈੱਡ ਗ੍ਰੰਥੀਆਂ ਨੇ ਆਪਣੇ ਮਾਣ ਸਤਿਕਾਰ ਨੂੰ ਸਿਧਾਂਤਕ ਪੱਖ ਤੋ ਸਹੀ ਪਹਿਲ ਨਹੀਂ ਦਿੱਤੀ ।ਜਥੇਦਾਰ ਦੀ ਪਦਵੀ ਪਾਉਣ ਲਈ ਇਹ ਸਮਾਂ ਆਉਣ ਤੋ ਪਹਿਲਾਂ ਹੀ ਬਾਦਲਾਂ ਦਾ ਪਾਣੀ ਭਰਨ ਲਈ ਇੱਕ ਦੂਜੇ ਤੋ ਅੱਗੇ ਹੋ ਤਰਲੋ ਮੱਛੀ ਹੋ ਜਾਂਦੇ ਹਨ ।ਇਹੀ ਕਾਰਨ ਹੈ ਸਿੱਖ ਸਿਧਾਂਤ ਦੇ ਪਰਛਾਵੇ ਹੇਠਾਂ ਬੜਾ ਕੁਫ਼ਰ ਤੋਲਿਆ ਗਿਆ ਹੈ ।ਜਦ ਜਥੇਦਾਰਾਂ ਦੀ ਛੁੱਟੀ ਹੁੰਦੀ ਹੈ ਤਦ ਉਹ ਸਿੱਖ ਸੰਗਤਾਂ ਵਿੱਚ ਉਸੇ ਹੀ ਕੁਫ਼ਰ ਤੇ ਝੂਠ ਨੂੰ ਛੁਪਾਉਣ ਖਾਤਰ ਮੋਮੋਠਗਣੇ ਬਣ ਕੇ ਵਿਚਰਦੇ ਹਨ ।ਇਹੀ ਕਰਤੱਵ ਅੱਜ ਸੇਵਾ ਮੁਕਤ ਜਥੇਦਾਰ ਹਰਪ੍ਰੀਤ ਸਿੰਘ ਜੀ ਕਰ ਰਹੇ ਹਨ । ਉਹ ਭੁੱਲ ਰਹੇ ਹਨ ਕਿ ਜਦ ਉਹ ਜਥੇਦਾਰ ਸਨ , ਉਹਨਾਂ ਅਪਣੇ ਆਕਾਵਾਂ ਦਾ ਪੱਖ ਪੂਰਦਿਆਂ ਹਰ ਕਦਮ ਤੇ ਗੁਮਰਾਹ ਕੀਤਾ ਸੀ ।ਆਪ ਨੇ ਧੰਨ ਗੁਰੂ ਗ੍ਰੰਥ ਸਾਹਿਬ ਦੇ ਗਾਇਬ ਹੋਏ 327 ਸਰੂਪਾਂ ਦਾ ਮਾਮਲਾ ਕਾਰਜਕਾਰੀ ਜਥੇਦਾਰ ਹੁੰਦਿਆਂ , ਆਪਣੇ ਹੱਥ ਲਿਆ , ਪੜਚੋਲ ਕਮੇਟੀ ਬਣਾਈ , ਖੁਦ ਮੰਨਿਆ ਕਿ ਰਿਪੋਰਟ ਆ ਚੁੱਕੀ ਹੈ , ਜਲਦੀ ਜਨਤਕ ਕੀਤੀ ਜਾਵੇਗੀ ।ਬੇਅਦਬੀਆਂ ਦੇ ਮਾਮਲਿਆਂ ਵਿੱਚ ਇਹ ਜ਼ਰੂਰੀ ਸੀ ।ਮਹੀਨੇ ਬੀਤ ਗਏ ਆਪ ਨੇ ਇਸ ਬਾਰੇ ਸ਼ੁਰੂ ਤੋਂ ਹੀ ਚੁੱਪ ਸਾਧ ਲਈ , ਜਦ ਕਿ ਇਹ ਮਾਮਲਾ ਸਿੱਧਾ ਅਤੇ ਅਖੀਰਲੀ ਜ਼ੁੰਮੇਵਾਰੀ ਗਿਆਨੀ ਹਰਪ੍ਰੀਤ ਸਿੰਘ ਦੀ ਹੀ ਸੀ ।ਜੇ ਜਥੇਦਾਰ ਹੀ ਗੁਰੂ ਦੇ ਸਤਿਕਾਰ ਨੂੰ ਬਰਕਰਾਰ ਨਹੀਂ ਰੱਖ ਰਹੇ ਤਦ ਸਿੱਖ ਜਾਂ ਗੈਰ ਸਿਖ ਕੌਣ ਹੈ ?ਅੱਜ ਮੌਕਾ ਤਾੜ ਕੇ ਆਪਣੀ ਸ਼ਾਖ ਬਚਾਉਣ ਲਈ ਸ਼੍ਰੋਮਣੀ ਕਮੇਟੀ ਨੂੰ ਕੋਸ ਰਹੇ ਹਨ , ਜਿਸ ਨੂੰ ਸਿੱਖਾਂ ਦੀ ਮਾਂ ਦੱਸਦੇ ਰਹੇ ਹਨ । ਵਿਰੋਧੀਆਂ ਨੂੰ ਇਹ ਲਲਕਾਰੇ ਮਾਰੇਕੱ ਚੈਲੰਜ ਕਰਦੇ ਰਹੇ ਕਿ ਕੋਈ ਇਸ ਮਾਂ ਕਮੇਟੀ ਦੇ ਵਿਰੋਧ ਵਿੱਚ ਆਵੇ ਤਾਂ ਡਾਂਗਾਂ ਲੈ ਕੇ ਟੱਕਰੋ ! ਇਸੇ ਸਿੱਟੇ ਜੋ ਕੁਝ ਕੁੱਟਮਾਰ ਅਨਭੋਲ ਸਿੱਖਾਂ ਦੀ ਹੋਈ , ਸ਼ਾਇਦ ਕੀ ਇੰਝ ਸਮਝਿਆ ਜਾਵੇ ਕਿ ਇਹ ਕੁਝ ਹਰਪ੍ਰੀਤ ਸਿੰਘ ਹੋਰਾਂ ਦੀ ਬੋਲੀ ਦੇ ਆਧਾਰ ਤੇ ਹੋਇਆ ?ਵਿਰਸਾ ਸਿੰਘ ਵਲਟੋਹਾ ਬਾਰੇ ਉਸ ਨੂੰ ਅੰਦਰੂਨੀ ਮੀਟਿੰਗ ਵਿੱਚ ਸੱਦ ਕੇ ਹਰਪ੍ਰੀਤ ਸਿੰਘ ਹੋਰਾਂ ਨੇ ਸਿੱਧਾ ਵਿਵਾਦ ਛੇੜਿਆ ਦੱਸਿਆ ਜਾਂਦਾ ਹੈ , ਉਸ ਦੀ ਰਿਕਾਰਡਿੰਗ ਕਰਨੀ ਵੀ ਜ਼ਿਆਦਤੀ ਸੀ । ਨਾ ਹੀ ਪ੍ਰਾਈਵੇਟ ਮੀਟਿੰਗ ਦਾ ਕੋਈ ਮਤਲਬ ਸੀ ।ਕੱਢਣਾ , ਖਾਰਜ ਕਰਨਾ , ਸਜ਼ਾ ਲਾਉਣੀ ਤਾਂ ਖੁੱਲੀ ਸੰਗਤ ਵਿੱਚ ਹੀ ਹੋਣਾ ਸਿੱਧਾਂਤ ਹੈ ਤੇ ਸੀ । ਉਸ ਨੂੰ ਦੱਸ ਸਾਲ ਲਈ ਅਕਾਲੀ ਦਲ ਵਿੱਚੋਂ ਕੱਢਕੇ ਉਸ ਅਨੋਖੀ ਸਜ਼ਾ ਵਿੱਚ ਦਾਖਲ ਕੀਤਾ ? , ਕੀ ਵਲਟੋਹਾ ਬਾਦਲ ਪਿਓ , ਪੁੱਤਰ ਨਾਲੋ ਵੱਡਾ ਕਸੂਰਵਾਰ ਸੀ ? ਇਸ ਦਾ ਵੇਰਵਾ ਬੜਾ ਗੰਭੀਰ ਹੈ , ਸੰਗਤਾਂ ਜ਼ਰੂਰ ਜਾਨਣਾ ਚਾਹੁਣਗੀਆਂ । ਤੁਹਾਡੇ ਵੱਲੋਂ ਵਲਟੋਹੇ ਦੀ ਕੀਤੀ ਰਿਕਾਰਡਿੰਗ, ਜੋ ਸਿੰਘ ਸਾਹਿਬ ਜਥੇਦਾਰ ਰਘਬੀਰ ਸਿੰਘ ਨੇ ਖੁਦ ਮੰਨਿਆ ਹੈ । ਉਸ ਨੂੰ ਜਨਤਕ ਕਿਉ ਨਹੀਂ ਕੀਤਾ ਜਾਂਦਾ ? ਜੋ ਤੁਸੀਂ ਵਲਟੋਹੇ ਦੇ ਨਾਮ ਦਰਸਾ ਕੇ ਧਮਕੀ ਵਾਲੇ ਟੈਲੀਫ਼ੋਨ ਕੀਤੇ ਦੀ ਚਰਚਾ ਬੜੇ ਦੁਖੀ ਹਿਰਦੇ ਨਾਲ ਕੀਤੀ ਸੀ । ਕਿ ਕੀ ਉਸ ਦੀ ਤੁਸੀਂ ਪੁਲੀਸ ਰਿਪੋਰਟ , ਕੋਈ ਹੋਰ ਪੜਚੋਲ ਕੀਤੀ ਜੋ ਤੁਹਾਡੀ ਦਿੱਤੀ ਵੀਡੀਓ ਸਟੇਟਮੈਂਟ ਦਾ ਤੁਹਾਡਾ ਪੱਖ ਦਰਸਾਉਂਦੀ ਹੋਵੇ ? ਜਾਂ ਕਿਸੇ ਪੁਲੀਸ ਪੜਚੋਲ ਅਧੀਨ ਹੈ ? ਜੇ ਅਜੇ ਤੱਕ ਤੁਹਾਡਾ ਕੋਈ ਉੱਤਰ ਨਹੀਂ ਤਾਂ ਤੁਸੀਂ ਕੀ ਸੋਚ ਕੇ ਇਤਨੇ ਵੱਡੇ ਦੋਸ਼ ਦਾ ਜ਼ਿਕਰ ਕੀਤਾ ? ਜਿਸਦਾ ਤੁਹਾਡੇ ਪਾਸ ਸਬੂਤ ਹੋਣਾ ਅਤੀ ਜ਼ਰੂਰੀ ਹੈ ?ਤੁਹਾਡੇ ਸਾਂਢੂ ਦੇ ਮਾਮਲੇ ਤੇ ਅਸੀਂ ਬਿਲਕੁਲ ਨਹੀਂ ਮੰਨਣ ਤੂੰ ਤਿਆਰ ਨਹੀਂ ਕਿ ਕੋਈ ਤੁਹਾਡੇ ਤੇ ਉਂਗਲੀ ਕਰੇ । ਪਰ ਇਸ ਮਾਮਲੇ ਵਿੱਚ ਤੁਹਾਨੂੰ ਕਿਸੇ ਡਿਫੈਂਸ ਲੈਣ ਦੀ ਲੋੜ ਨਹੀਂ ਸੀ । ਪਰ ਹਰਪ੍ਰੀਤ ਸਿੰਘ ਜੀ ਜੋ ਤੁਸਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ "ਸੌਂਹ" ਖਾਣ ਦਾ ਆਸਰਾ ਲੈ ਕੇ ਗ.ਰਕ ਜਾਣਾਂ ਤੇ ਗ.ਰਕ ਹੋ ਜਾਣ ਦਾ ਪਾਠ ਪੜਿਆ ਹੈ ।ਇਹ ਤੁਸਾਂ ਸਿੱਖ ਰਵਾਇਤਾਂ, ਮਰਿਆਦਾਵਾਂ, ਅਨੁਸਾਰ ਬਿਲਕੁਲ ਗਲਤ ਤੇ ਉਲਟ ਕੀਤਾ ਹੈ । ਸਿੱਖ ਲਈ ਗੁਰੂ ਦੀ ਸਹੁੰ ਖਾਣੀ , ਧਾਰਮਿਕ ਅਪਰਾਧ ਹੈ । ਸੰਸਾਰੀ ਜੀਵਨ ਵਿੱਚ ਵੀ ਸਹੁੰ ਖਾਣੀ , ਇਨਸਾਨੀ ਪੱਖ ਨਹੀਂ ਸਗੋਂ ਬੁਜਦਿਲੀ ਦੀ ਨਿਸ਼ਾਨੀ ਹੈ ।ਤੁਸੀਂ ਆਪਣੇ ਪੱਖ ਨੂੰ ਘਿਣਾਉਣੇ ਤਰੀਕੇ ਨਾਲ ਸਾਬਤ ਕਰਨ ਲਈ , ਗੁਰੂ ਨੂੰ ਹੀ ਢਾਲ ਬਣਾ ਲਿਆ ਹੈ । ਤਹਾਡਾ ਜਥੇਦਾਰੀ ਜ਼ੁੰਮੇਵਾਰੀ ਨਾਲੋ , ਚਰਚਾ ਵਿੱਚ ਰਹਿਕੇ ਵਿਚਰਨ ਤੇ ਗੁੰਮਰਾਹ ਕਰਨ ਦਾ ਸੁਭਾਅ ਹੈ ।ਤੁਸੀਂ ਦੂਜਿਆਂ ਤੇ ਬਿਨਾ ਕਾਰਨ ਦੋਸ਼ ਲਾਉਂਦੇ , ਅਕਾਲੀ ਦਲ ਵਿੱਚੋਂ ਵਲਟੋਹੇ ਜਿਹੇ ਆਗੂ ਨੂੰ ਦੱਸ ਸਾਲ ਲਈ ਬਾਹਰ ਕੱਢਦੇ ਹੋ ਖੁਦ ਦਿੱਲੀ ਤੇ ਭਾਜਪਾ ਨਾਲ "ਯਾਰੀ " ਦੀ ਗੱਲ ਦੁਹਰਾਉਂਦੇ ਹੋ । ਅਕਾਲੀ ਦਲ ਦਾ ਫੈਸਲਾ ਸਿਰਫ ਅਕਾਲੀ ਦਲ ਦੀ ਲੀਡਰਸ਼ਿਪ ਦੇ ਹੱਥ ਵਿੱਚ ਹੈ , ਜੋ ਕਿ ਸਿਆਸੀ ਹੈ । ਜਥੇਦਾਰਾਂ ਦਾ ਦੰਖਲ ਬਿਲਕੁਲ ਗਲਤ ਹੈ ।ਇਰ ਗਲਤ ਹੀ ਕੀਤਾ ਗਿਆ ਹੇ । ਜਥੇਦਾਰਾਂ ਨੇ ਮੌਜੂਦਾ ਸਮੇਂ ਦੇ ਸੰਕਟ ਦੌਰਾਨ , ਧਰਮ ਨਾਲੋ ਧੜਾ ਪਾਲਿਆ ਹੈ , " ਨਾਨਕ ਦੁਨੀਆਂ ਕੈਸੀ ਹੋਈ ਸਾਲਕ ਮਿਤ ਨਾ ਰਹਿਓ ਕੋਈ, ਭਾਈਬੰਦੀ ਹੇਤ ਚੁਕਾਇਆ , ਦੁਨੀਆਂ ਕਾਰਣ ਦੀਨ ਗੁਆਇਆ " ਇਹ ਧੜੇ ਜਿਹੀ ਰੀਤ ਹਰਪ੍ਰੀਤ ਸਿੰਘ ਦੇ ਵਿਵਾਦਤ ਤੇ ਗੁੰਮਰਾਹ ਕਰਨ ਦੇ ਢੰਗ ਵਿੱਚੋਂ ਹੀ ਪੈਦਾ ਹੋਈ ਹੈ ।

ਭੱਦੀ ਸ਼ਬਦਾਵਲੀ ਤੇ ਜਥੇਦਾਰੀ ਦਾ ਰੋਹਬ ਪੈਰ ਪੈਰ ਤੇ ਜਿਸ ਤਰਾਂ ਦਾ ਦਿਖਾਈ ਦੇ ਰਿਹਾ , ਇਹ ਕਿਹੜੀ ਸਿੱਖੀ ਵਾਲੀ ਮੱਤ ਹੈ ? ਗਿਆਨੀ ਹਰਪ੍ਰੀਤ ਸਿੰਘ ਜੀ ਜਦ ਕੋਈ ਬਿਆਨ ਦਿੰਦੇ ਹਨ ,ਤਦ ਅਗਲੇ ਦੀ ਗੱਲ ਨਹੀਂ ਸੁਣਦੇ , ਸਗੋ ਆਪਣੀ ਤੇ ਜਥੇਦਾਰੀ ਦੇ ਰੁਤਬੇ ਦੀ ਸੁਣਾਉਂਦੇ ਹਨ ।ਕੁਝ ਦਿਨ ਪਹਿਲਾਂ ਉਹਨਾ ਨੇ ਮੰਦ ਭਾਸ਼ਾ ਪ੍ਰਭਾਵ ਨਾਲ "ਸਾਲਾ/ਸਾਲੇ ਲ.ਫਜ਼ਾਂ ਨਾਲ ਸੰਬੋਧਤ ਕਰਦੇ ਸੁਣੇ ਗਏ ।ਤਖਤ ਦੇ ਜਥੇਦਾਰਾਂ ਨੇ ਵੀ ਸੁਣਿਆ , ਪਰ ਰੋਕਿਆ ਨਹੀ ।ਗਾਲੀ ਗਲੋਚ ਦੀ ਅਜਿਹੀ ਭਾਸ਼ਾ ਨਾਲ ਸਿੱਖੀ ਦਾ ਕੋਈ ਮੇਲ ਨਹੀਂ ਹੈ । ਅਜਿਹੀ ਬੋਲੀ ਰੰਗੜ ਕਿਸਮ ਦੀ ਬੇਗੈਰਤੀ ਬੋਲੀ ਹੈ ।ਇਸ ਦੀ ਸੋਧ ਕਰਨ ਹਿਤ ਉਹਨਾਂ ਦਾ ਉੱਤਰ ਸੀ ਕਿ ਉਹ ਮਲਵਈ ਹਨ ਤੇ ਸਾਲਾ ਕਹਿਣਾ ਆਮ ਹੈ । ਕੀ ਸੋਧ ਹੈ ਜਾਂ ਦੋਹਰੀ ਗਲਤੀ ਜਾਂ ਦੋਗਲਾ ਪਨ । ਆਪਣੇ "ਗਾਲ "ਜਿਹੇ ਪਾਪ ਨੂੰ ਛੁਪਾਉਣ ਲਈ , ਇਹ ਕੂੜ ਬੇਲੀ ਉਹਨਾਂ ਨੇ "ਮਾਲਵੇ ਇਲਾਕੇ " ਦੇ ਗਲ ਬੰਨ ਕੇ ਇਲਾਕਾ ਨਿਵਾਸੀਆਂ ਦੇ ਮਾਣ /ਸਤਕਾਰ ਨੂੰ ਨੀਵਾਂ ਕੀਤਾ ਹੈ । ਗੁਰੂ ਦਾ ਸਿੱਖ ਕਿਸੇ ਵੀ ਪੱਧਰ ਤੇ ਮੰਦੀ ਸ਼ਬਦਾਵਲੀ ਬਾਰੇ ਸੋਚ ਵੀ ਨਹੀਂ ਸਕਦਾ ।ਅਕਾਲੀ ਦਲ ਦੇ ਤਿਲਕਵੱ ਹਾਲਾਤ ਨੂੰ ਦੇਖਦਿਆਂ , ਮੌਕਾ ਤਾੜਦਿਆਂ , ਹਰਪ੍ਰੀਤ ਸਿੰਘ ਹੋਰਾਂ ਇਸ ਗੱਲ ਦੀ ਲਾਲਸਾ ਕੀਤੀ ਕਿ ਜੇ ਸੰਗਤ ਉਹਨਾਂ ਨੂੰ ਅਕਾਲੀ ਦਲ ਦਾ ਆਗੂ ਬਣਾਵੇ ਤਾਂ ਉਹ ਤਿਆਰ ਹਨ । ਕੀ ਕਹੀਏ " ਨਾਲੋ ਪੰਡ ਕਾਹਲੀ " । ਓ ਭਾਈ ਜੀ ਜਰਾ ਆਪਣੀ ਪੀੜੀ ਥੱਲੇ ਸੋਟਾ ਫੇਰੋ , ਅਕਾਲੀ ਦਲ , ਇਕ ਜਦੋਜਹਿਦ ਦਾ ਮੰਚ ਹੈ । ਜੇਹਲਾਂ , ਤਸੀਹੇ , ਸਮਾਜਿਕ ਹਿਤ ਲਈ ਟਕਰਾਅ ਦੇ ਕਦਮਾਂ ਵਿਚੋ ਜਨਮ ਲੈਂਦਾ ਹੈ । ਇੱਕ ਜਾਅਲੀ ਫ਼ੋਨ ਦਾ ਢੌਂਗ ਰਚ ਕੇ , ਉਪਰੰਤ ਬੱਚਿਆਂ , ਪਰਵਾਰ ਦਾ ਵਾਸਤਾ ਪਾ ਕੇ ਅੱਥਰੂ ਕੇਰਨ " ਵਾਲੇ ਤਨਖਾਹ ਦਾਰ ਭੱਤਿਆਂ ਤੇ ਤਾਂ ਪਲ ਸਕਦੇ ਹਨ , ਪਰ ਅਜਿਹੇ ਲੋਕ ਅਕਾਲੀ ਨਹੀਂ ਬਣ ਸਕਦੇ । ਤੁਸੀਂ ਤਾਂ "ਗੁਰੂ ਦੀ ਸੌਂਹ" ਖਾ ਕੇ ਖੁਦ ਹੀ , ਸਿਖ ਸਿਧਾਂਤ , ਸ਼ਰਧਾ ਨਾਲ ਵਿਸ਼ਵਾਸ਼ ਘਾਤ ਕੀਤਾ ਹੈ ।ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ, 327 ਸਰੂਪਾਂ ਦੀ ਗਾਇਬ ਹੋਣ ਦੀ ਰਿਪੋਰਟ ਨੂੰ ਜਨਤਕ ਨਾ ਕਰਨਾ ਵੱਡਾ ਗੁਨਾਹ ਹੈ ।ਸਮੁੱਚੇ ਸਿੱਖ ਪੰਥ ਲਈ ਇਹ ਸੋਚਣ ਦੀ ਲੋੜ ਹੈ ਕਿ ਤਨਖਾਹ ਦਾਰਾਂ ਨੂੰ ਤਖ਼ਤਾਂ ਦੇ ਜਥੇਦਾਰਾਂ ਦੇ ਅਹੁਦਿਆਂ ਤੇ ਬਿਠਾਣਾ ਗਲਤ ਰਾਹ ਹੈ । ਅਜਿਹੀ ਕਿਸਮ ਦੀ ਗੁੱਟਬੰਦੀ ਤੇ ਜਥੇਦਾਰਾਂ ਵੱਲੋਂ ਚਲਾਈ ਗਈ ਪੱਖਪਾਤੀ ਰੀਤ ਕੌਮ ਨੂੰ ਦਿਨੋ ਦਿਨ ਰਸਾਤਲ ਵੱਲ ਲਿਜਾ ਰਹੀ ਹੈ। ••

## ਧਾਰਮਿਕ ਕੱਟੜਤਾ ਦੀ ਅੱਗ ਵਿੱਚ

# ਸੜ ਰਿਹੈ ਹਿੰਦੁਸਤਾਨ

ਇਸ ਵਕਤ ਹਿੰਦੁਸਤਾਨ ਧਾਰਮਿਕ ਕੱਟੜਤਾ ਦੀ ਅੱਗ ਵਿੱਚ ਸੜ ਰਿਹਾ ਹੈ । ਬਹੁਗਿਣਤੀ ਹਿੰਦੂ ਭਾਈਚਾਰੇ ਦੀਆਂ ਵੋਟਾਂ ਸਹਿਜੇ ਬਟੋਰਨ ਲਈ ਹਰ ਰੋਜ਼ ਨਵੇਂ ਨਵੇਂ ਨਫਰਤੀ ਬਿਰਤਾਂਤ ਸਿਰਜੇ ਜਾ ਰਹੇ ਹਨ ।ਮੁਸਲਿਮ ਭਾਈਚਾਰਾ ਹਿੰਦੂ ਕੱਟੜਤਾ ਦੇ ਮੁੱਖ ਨਿਸ਼ਾਨੇ ਉਪਰ ਹੈ ,ਪਰ ਖਾਲਿਸਤਾਨ ਅਤੇ ਸਟੇਟ ਏਜੰਸੀਆਂ ਵੱਲੋਂ ਆਪੋ ਸਿਰਜੇ ਖਾੜਕੂਵਾਦ ਦੀ ਟੇਕ ਲੈ ਕੇ ਦੇਸ਼ ਭਰ ਵਿੱਚ ਸਿੱਖ ਪਛਾਣ ਖਿਲਾਫ ਵੀ ਯੋਜਨਾਬੰਦ ਰੂਪ ਵਿੱਚ ਨਫਰਤ ਸਿਰਜੀ ਜਾ ਰਹੀ ਹੈ ।ਭਾਜਪਾ,ਆਰ.ਐਸ.ਐਸ.ਅਤੇ ਇਸ ਦੀਆਂ ਸਹਿਯੋਗੀ ਜੱਥੇਬੰਦੀਆਂ ਦੇਸ਼ ਵਿੱਚ ਮੁਸਲਿਮ ਭਾਈਚਾਰੇ ਵਿਰੁੱਧ ਫੈਲਾਈ ਜਾ ਰਹੀ ਅੱਗ ਨੂੰ ਨਫਰਤੀ ਦੰਗਿਆਂ ਦਾ ਰੂਪ ਦੇਣ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਹਨ ।ਪਰ ਮੁਸਲਮਾਨ ਭਾਈਚਾਰਾ ਅਤੇ ਉਹਨਾਂ ਦੀ ਲੀਡਰਸ਼ਿਪ ਬਹੁਤ ਗਹਿਰੇ ਮਾਨਸਿਕ ਦਬਾਅ ਦੇ ਬਾਵਜੂਦ ਸੰਜਮ ਅਤੇ ਸਬਰ ਤੋ ਕੰਮ ਲੈ ਆਪਣੇ ਭਾਈਚਾਰੇ ਨੂੰ ਇਸ ਸ਼ਾਜਿਸ ਤੋ ਬਚਾਉਣ ਵਿੱਚ ਜੁੱਟੇ ਹੋਏ ਹਨ ।ਭਾਰਤੀ ਏਜੰਸੀਆਂ ਅਤੇ ਉਹਨਾਂ ਦਾ ਸਹਿਯੋਗੀ ਨਫਰਤੀ ਮੀਡੀਆ ਚਾਹੁੰਦਾ ਕਿ ਮੁਸਲਮਾਨ ਨੌਜਵਾਨੀ ਹਿੰਦੂ ਕੱਟੜਵਾਦ ਦੇ ਪ੍ਰਤੀਕਰਮ ਵਜੋਂ ਹੱਥਿਆਰਬੰਦ ਸ਼ੰਘਰਸ਼ ਰਾਹੇ ਪਵੇ ,ਤਾਂ ਕਿ ਮੁਸਲਮਾਨਾਂ ਨੂੰ ਸਟੇਟ ਜ਼ੁਲਮ ਦਾ ਨਿਸ਼ਾਨਾ ਬਣਾਉਣਾ ਆਸਾਨ ਹੋ ਜਾਵੇ ।ਪਰ ਮੁਸਲਿਮ ਆਗੂਆਂ ਦੀ ਸਿਆਸੀ ਸੂਝ ਬੂਝ ਨੂੰ ਦਾਦ ਦੇਣੀ ਬਣਦੀ ਹੈ ਕਿ ਉਹਨਾਂ ਆਪਣੀ ਨੌਜਵਾਨੀ ਨੂੰ ਇਸ ਸ਼ਾਜਿਸ ਤੋਂ ਬਚਾ ਕੇ ਰੱਖਿਆ ਹੋਇਆ ਹੈ ।

ਪੰਜਾਬ ਵਿੱਚ organised ਖਾੜਕੂਵਾਦ 1994 ਵਿੱਚ ਖਤਮ ਹੋ ਗਿਆ ਸੀ ।ਪਰ ਸਟੇਟ ਏਜੰਸੀਆਂ ਅਤੇ ਪੰਜਾਬ ਪੁਲਸ ਨੇ ਸਿੱਖਾਂ ਵਿੱਚ ਇੱਕ ਸਦੀਵੀ ਦਹਿਸ਼ਤ ਬਣਾਈ ਰੱਖਣ ਲਈ ਖਾੜਕੂਵਾਦ ਦੇ ਡਰ ਨੂੰ ਬਣਾ ਕੇ ਰੱਖਿਆ ਹੋਇਆ ।ਖਾਲਿਸਤਾਨੀ ਧਿਰਾਂ ਵਿੱਚ ਸ਼ਾਮਲ ਕੁੱਝ ਮੂਰਖ ਕਿਸਮ ਦੇ ਲੋਕ ਵੀ ਏਜੰਸੀਆਂ ਦੀ ਇਸ ਸ਼ਾਜਿਸ ਨੂੰ ਕਾਮਯਾਬ ਕਰਨ ਵਿੱਚ ਸਹਾਈ ਹੁੰਦੇ ਰਹੇ ਹਨ ।ਮੇਰਾ ਨਿੱਜੀ ਤਜਰਬਾ ਕਹਿੰਦਾ ਕਿ ਸਟੇਟ ਏਜੰਸੀਆਂ ਨੇ ਦੇਸ਼ ਅਤੇ ਵਿਦੇਸ਼ ਦੋਹੀ ਥਾਂਈ ਖਾਲਿਸਤਾਨੀ ਧਿਰਾਂ ਵਿੱਚ ਆਪਣੇ ਏਜੰਟਾਂ ਦੀ ਭਾਰੀ ਘੁਸਪੈਠ ਕਰਾਈ ਹੋਈ ਹੈ ।ਇਹਨਾਂ ਏਜੰਟਾਂ ਨੂੰ ਬਿਲਕੁੱਲ ਉਸੇ ਤਰ੍ਹਾਂ ਵਰਤਿਆ ਜਾਂਦਾ ਜਿਸ ਤਰ੍ਹਾਂ ਸ਼ਿਕਾਰੀ ਆਪਣੇ ਸ਼ਿਕਾਰ ਨੂੰ ਕਾਬੂ ਕਰਨ ਲਈ ਕਿਸੇ ਖਾਣ ਵਾਲੀ ਵਸਤੂ ਨੂੰ ਇਸਤੇਮਾਲ ਕਰਦਾ ਹੈ ।ਜੇਕਰ ਕੋਈ ਇਸ ਮਾਮਲੇ ਵਿੱਚ ਮੇਰੀ ਇਸ ਦਲੀਲ ਪ੍ਰਤੀ ਸ਼ੰਕਾ ਰੱਖਦਾ ਤਾਂ ਮੈਂ ਇਹ ਸਾਬਤ ਕਰਨ ਲਈ ਕਈ ਕੇਸਾਂ ਅਤੇ ਤੱਥਾਂ ਦੀ ਮਿਸਾਲ ਦੇ ਸਕਦਾ ਹਾਂ ।

ਮੇਰੀ ਇਸ ਪੋਸਟ ਦਾ ਮਕਸਦ ਸਿੱਖ ਆਜ਼ਾਦੀ ਪਸੰਦ ਧਿਰਾਂ ਵਿੱਚ ਸਰਗਰਮ ਸਿੱਖ ਕਾਰਕੁੰਨਾਂ ਨੂੰ ਚੌਕਸ ਕਰਨਾ ਹੈ ।ਆਪਣੇ ਆਸ ਪਾਸ ਸਰਗਰਮ ਹਰ ਉਸ ਬੰਦੇ ਪ੍ਰਤੀ ਚੌਕਸ ਰਹੋ ਜੋ ਭੜਕਾਊ ਜਾਂ ਹਿੰਸਾ ਪ੍ਰਵਿਰਤੀਆਂ ਵਾਲੀਆਂ ਗੱਲਾਂ ਕਰਦਾ ਹੈ ।ਸਿੱਖ ਦੁਸ਼ਮਣ ਸ਼ਕਤੀਆਂ ਦੇ ਇਰਾਦਿਆਂ ਨੂੰ ਜਾਣਦੇ ਹੋਏ ਸਾਡਾ ਇਹ ਫਰਜ਼ ਬਣਦਾ ਕਿ ਅਸੀ ਆਪਣੀ ਸਰਗਰਮੀਆਂ ਨੂੰ ਲੋਕਤੰਤਰੀ ਦਾਇਰਿਆਂ ਦੇ ਅੰਦਰ ਰੱਖ ਕਿ ਜੱਥਬੰਦ ਹੋਈਏ ।ਮਤਭੇਦ ਵਾਲੇ ਮੁੱਦਿਆਂ ਤੋਂ ਗੁਰੇਜ਼ ਕਰਕੇ ਆਪਸੀ ਸਾਂਝ ਨੂੰ ਮਜ਼ਬੂਤ ਕਰਨ ਵਾਲੇ ਮੁੱਦਿਆਂ ਨੂੰ ਪ੍ਰਮੁਖਤਾ ਦਈਏ ।ਆਪਸੀ ਫੁੱਟ ਮਾੜੇ ਅਨਸਰਾਂ ਦੀ ਘੁਸਪੈਠ ਦਾ ਵਸੀਲਾ ਬਣਦੀ ਹੈ ,ਇਸ ਕਰਕੇ ਦੁਫੇੜ ਪੈਦਾ ਕਰਨ ਵਾਲੀਆਂ ਗੱਲਾਂ ਅਤੇ ਲੋਕਾਂ ਤੋਂ ਫਾਸਲਾ ਬਣਾ ਕੇ ਰੱਖਣਾ ਚਾਹੀਦਾ ਹੈ।

-ਅਮਰੀਕ ਸਿੰਘ ਮੁਕਤਸਰ

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸਰਨਾ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਰਾਧਾ ਸੁਆਮੀ ਮੁਖੀ ਨਾਲ ਮੁਲਾਕਾਤਾਂ ਦਾ ਵੇਰਵਾ ਦੇਣ ਦੀ ਕੀਤੀ ਅਪੀਲ



ਨਵੀਂ ਦਿੱਲੀ, 27 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਦਿੱਲੀ ਅਕਾਲੀ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਰਾਧਾ ਸੁਆਮੀ ਡੇਰੇ ਦੇ ਮੁਖੀ ਨਾਲ ਹੋਈ ਮੁਲਾਕਾਤ ਦੇ ਵੇਰਵੇਆਂ ਦਾ ਜਨਤਕ ਤੌਰ 'ਤੇ ਖੁਲਾਸਾ ਕਰਨ ਲਈ ਕਿਹਾ ਹੈ। ਸਰਨਾ ਨੇ ਸਿੱਖ ਧਾਰਮਿਕ ਹਲਕਿਆਂ ਵਿਚ ਗਿਆਨੀ ਹਰਪ੍ਰੀਤ ਸਿੰਘ ਦੇ ਕੱਦ ਦੀ ਮਹੱਤਤਾ ਦੇ ਮੱਦੇਨਜ਼ਰ ਪਾਰਦਰਸ਼ਤਾ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਰਾਜਨੀਤਿਕ ਸੰਸਥਾਵਾਂ ਨਾਲ ਸਬੰਧਾਂ ਦੇ ਨਾਲ, ਇਹ ਲਾਜ਼ਮੀ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਸਪੱਸ਼ਟ ਕਰਨ ਕਿ ਇਹਨਾਂ ਮੀਟਿੰਗਾਂ ਵਿੱਚ ਕੀ ਵਾਪਰਿਆ ਹੈ । ਸਿੱਖ ਭਾਈਚਾਰਾ ਇਨ੍ਹਾਂ ਆਪਸੀ ਤਾਲਮੇਲਾਂ ਦਾ ਮਕਸਦ ਜਾਣਨ ਦਾ ਹੱਕਦਾਰ ਹੈ। ਪ੍ਰਭਾਵਸ਼ਾਲੀ ਵਿਅਕਤੀਆਂ ਨਾਲ ਵਾਰ-ਵਾਰ ਗੱਲਬਾਤ ਕਰਨ ਦੇ ਬਾਵਜੂਦ, ਗਿਆਨੀ ਹਰਪ੍ਰੀਤ ਸਿੰਘ ਨੇ ਕਦੇ ਵੀ ਇਨ੍ਹਾਂ ਵਿਚਾਰ-ਵਟਾਂਦਰੇ ਦੇ ਵਿਸ਼ਿਆਂ ਦਾ ਖੁਲਾਸਾ ਨਹੀਂ ਕੀਤਾ। ਸਪੱਸ਼ਟਤਾ ਦੀ ਇਹ ਘਾਟ ਪੰਥ ਅੰਦਰ ਕਿਆਸ ਅਰਾਈਆਂ ਅਤੇ ਚਿੰਤਾਵਾਂ ਪੈਦਾ ਕਰਦੀ ਹੈ ਇਸ ਲਈ ਸਰਨਾ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਜਵਾਬਦੇਹੀ ਅਤੇ ਖੁੱਲੇਪਣ ਦੀਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਦੀ ਅਪੀਲ ਕੀਤੀ।

# ਸਵਰਗਵਾਸੀ ਡਾ ਮਨਮੋਹਨ ਸਿੰਘ ਜੀ ਨੂੰ ਭਾਰਤ ਰਤਨ ਨਾਲ ਸਨਮਾਨਿਤ ਕਰਨਾ ਸੱਚੀ ਸ਼ਰਧਾਂਜਲੀ !



**ਚੌਕ ਮਹਿਤਾ, 28 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)-** ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਜੀ ਬੀਤੀ ਰਾਤ ਸੁਰਗਵਾਸ ਹੋ ਗਏ । ਭਾਵੇਂ ਡਾ ਮਨਮੋਹਨ ਸਿੰਘ ਜੀ ਵਲੋਂ ਭਾਰਤ ਦੀ ਤਰੱਕੀ ਵਾਸਤੇ ਕੀਤੀ ਮਿਹਨਤ ਹਰ ਭਾਰਤੀ ਦੀ ਜ਼ੁਬਾਨ ਤੇ ਹੈ ਪਰ ਫਿਰ ਵੀ ਦੇਸ਼ ਵਿਦੇਸ਼ ਦੇ ਚੁਨਿੰਦੇ ਪਤਵੰਤਿਆਂ ਵਲੋ ਡਾ ਮਨਮੋਹਨ ਸਿੰਘ ਜੀ ਦੀ ਦੇਸ਼ ਪ੍ਰਤੀ ਇਮਾਨਦਾਰੀ ਨਾਲ ਕੀਤੀ ਸੇਵਾ ਦਾ ਵਿਸਥਾਰ ਸੁਣ ਕੇ ਲੱਗਦਾ ਹੈ ਕਿ ਡਾ ਮਨਮੋਹਨ ਸਿੰਘ ਜੀ ਨੂੰ ਭਾਰਤ ਰਤਨ ਦੇਣਾ ਚਾਹੀਦਾ ।ਹੁਣ ਦੇਖਣਾ ਹੈ ਕਿ ਭਾਰਤ ਸਰਕਾਰ ਡਾ ਮਨਮੋਹਨ ਸਿੰਘ ਜੀ ਦੀ ਦੇਸ਼ ਪ੍ਰਤੀ ਸੇਵਾ ਨੂੰ ਭਾਰਤ ਰਤਨ ਨਾਲ ਸਨਮਾਨਿਤ ਕਰਕੇ ਕਦੋਂ ਯਾਦਗਾਰ ਬਣਾਏਗੀ ਜੋ ਕਿ ਡਾ ਮਨਮੋਹਨ ਸਿੰਘ ਜੀ ਨੂੰ ਦੇਸ਼ ਵਲੋਂ ਸੱਚੀ ਸ਼ਰਧਾਂਜਲੀ ਹੋਵੇਗੀ।

-ਡਾ. ਦਲੇਰ ਸਿੰਘ ਮੁਲਤਾਨੀ ਸਿਵਲ ਸਰਜਨ ( ਰਿਟਾ)

# ਕੌਣ ਜਿੰਮੇਵਾਰ ਏਨਾ ਬੇਗੁਨਾਹ ਮਾਸੂਮਾਂ ਦੀਆਂ ਮੌਤਾਂ ਲਈ... ?



ਟ੍ਰਾਂਸਪੋਰਟ ਵਿਭਾਗ ਕਦੋਂ ਨੋਟਿਸ ਲਵੇਗਾ,ਇਕੋ ਨੰਬਰ ਤੇ ਚੱਲਦੀਆਂ ਕਈ 2 ਬੱਸਾਂ, ਫੇਰ ਥੋੜ੍ਹੇ ਟਾਈਮ ਦੇ ਚੱਕਰ ਵਿਚ ਅੰਨ੍ਹੇਵਾਹ ਸਪੀਡ ਤੇ ਭਜਾਉਣ ਕਾਰਨ ਐਸੇ ਹਿਰਦੇ ਵਲੂਧ੍ਰਣ ਵਾਲੇ ਹਾਦਸੇ ਵਾਪਰਦੇ ਹਨ।

ਬਠਿੰਡਾ ਬੱਸ ਹਾਦਸੇ ਵਿਚ ਮੌਤ ਦੇ ਮੂੰਹ ਪਏ ਬੇ-ਗੁਨਾਹ ਲੋਕਾਂ ਦੀਆਂ ਮੌਤਾਂ ਵੇਖ ਬਹੁਤ ਦੁੱਖ ਹੋ ਰਿਹਾ ।

ਕਹਿਣ ਨੂੰ ਦੁਨੀਆਂ ਚੰਦ ਤੇ ਪਹੁੰਚ ਗਈ ਪਰ ਸਾਡਾ ਦੇਸ਼ ਸਹੂਲਤਾਂ ਤੋਂ ਏਨਾ ਸੱਖਣਾ...ਕਿ ਪੁਲ੍ਹ ਤੋਂ ਬੱਸ ਨਾਲੇ ਵਿਚ ਜਾ ਡਿੱਗੀ ਤੇ ਪੌੜੀ ਲਾ ਕੇ ਪਾਣੀ ਚਿੱਕੜ ਵਿਚ ਡੁੱਬੇ ਲੋਕਾਂ ਨੂੰ ਲੋਕ ਕੱਢ ਰਹੇ ਹਨ,ਜਿਵੇਂ ਹੇਠਾਂ ਸਾਰੇ ਸੇਫ ਹੋਣ ।

ਕੀ ਇਹ ਪੰਜਾਬ ਉਹੋ ਪੰਜਾਬ ਹੈ ਜੋ ਦੂਜਿਆਂ ਖਾਤਰ ਆਪਾ ਵਾਰ ਦੇਂਦਾ ਸੀ.... ?

ਜਿੰਮੇਵਾਰ ਸੰਸਥਾਵਾਂ ਨੂੰ ਕਿਤੋਂ ਦੋ ਜੇ.ਸੀ.ਬੀ ਮਸ਼ੀਨਾਂ ਨਾ ਮਿਲੀਆਂ ਤਾਂ ਜੋ ਜਲਦ ਤੋਂ ਜਲਦ ਬੱਸ ਬਾਹਰ ਕੱਢ ਇਹ ਕੀਮਤੀ ਜਿੰਦਗੀਆਂ ਪਾਣੀ,ਚਿੱਕੜ ਵਿਚ ਡੁੱਬ ਦਮ ਘੁੱਟ ਕੇ ਮਰਣ ਤੋਂ ਬਚ ਜਾਂਦੀਆਂ....ਪਰ ਸੰਗੀਨਾਂ ਦੀ ਛਾਂ ਹੇਠ ਸਰਕਾਰੀ ਸਹੂਲਤਾਂ ਨਾਲ ਲੈਸ ਗੱਡੀਆਂ ਵਿਚ ਸਵਾਰ ਹਾਕਮਾਂ ਨੂੰ ਕੀ ਜੋ ਆਪਣੇ ਕਾਫਲਿਆਂ ਪਿਛੇ ਐਬੂਲੈਂਸਾਂ ਲਈ ਫਿਰਦੇ ਹਨ,ਜਿਨ੍ਹਾਂ ਦੇ ਆਉਣ ਤੋਂ ਪਹਿਲਾਂ ਤਾਂ ਅਫਸਰਸ਼ਾਹੀ ਰੱਸੀਆਂ ਬੰਨ੍ਹ ਕੇ ਸ਼ੜ੍ਹਕਾਂ ਸਾਫ ਕਰਵਾ ਕੇ ਸਵਾਗਤ ਕਰਦੀ ਹੈ,ਆਮ ਲੋਕ ਕਿਵੇਂ ਜਿੰਦਗੀ ਬਸਰ ਕਰਦੇ ਤੇ ਕਿਵੇਂ ਹਾਦਸਿਆਂ ਵਿਚ ਮਰਦੇ ਉਨ੍ਹਾਂ ਨੂੰ ਕੋਈ ਮਤਲਬ ਨਹੀ ।

ਈਦੀ ਫਾਂਉਡੇਸ਼ਨ ਦਾ ਮੁਖੀ ਸੰਸਾਰ ਪ੍ਰਸਿੱਧ ਸਮਾਜ ਸੇਵਕ ਅਬਦੁਲ ਸਤਾਰ ਈਦੀ ਭ੍ਰਿਸ਼ਟ ਹਕੂਮਤਾਂ ਦੀ ਸਮੀਖਿਆ ਕਰਦਿਆਂ ਲਿਖਦਾ "ਤੁਹਾਡੀਆਂ ਕੋਠੀਆਂ ਕਾਰਾਂ ਤੁਹਾਡੀ ਬੇਈਮਾਨੀ ਤੁਹਾਡੇ ਜੁਰਮਾਂ ਦੇ ਸਬੂਤ ਹਨ"।

-ਸ਼ਮਸ਼ੇਰ ਸਿੰਘ ਜੇਠੂਵਾਲ

ਪੰਥਕ ਸਿਆਸਤ 'ਚ ਸੰਕਟ

# ਡੇਰਾ ਬਿਆਸ ਮੁਖੀ ਨੇ ਬਠਿੰਡਾ ਵਿਚ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਿਉਂ ਕੀਤੀ

**ਪੰਜਾਬ ਟੈਲੀਵਿਜ਼ਨ** ਤੇ ਟਾਈਮਜ਼ ਆਫ ਇੰਡੀਆ ਦੇ ਵਿਦਵਾਨ ਪੱਤਰਕਾਰ ਆਈਪੀ ਸਿੰਘ ਦੀ ਰਿਪੋਟ ਮੁਤਾਬਕ ਰਾਧਾ ਸੁਆਮੀ ਡੇਰੇ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਸੰਸਦ ਮੈਂਬਰ ਪਤਨੀ ਹਰਸਿਮਰਤ ਕੌਰ ਬਾਦਲ ਨਾਲ ਦਿੱਲੀ ਦੇ ਨੇੜੇ ਨਿੱਜੀ ਰਿਹਾਇਸ਼ ਵਿਚ ਮੁਲਾਕਾਤ ਕਰਨ ਤੋਂ ਕੁਝ ਦਿਨ ਬਾਅਦ ਬੀਤੇ ਵੀਰਵਾਰ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਉਨ੍ਹਾਂ ਦੀ ਬਠਿੰਡਾ ਰਿਹਾਇਸ਼ ਵਿਖੇ ਮੁਲਾਕਾਤ ਕੀਤੀ ਸੀ। ਇਹ ਨਹੀਂ ਪਤਾ ਕਿ ਡੇਰਾ ਬਿਆਸ ਮੁਖੀ ਅਤੇ ਬਾਦਲ ਜੋੜੇ ਵਿਚਾਲੇ ਕੀ ਗੱਲ ਹੋਈ ਅਤੇ ਗਿਆਨੀ ਹਰਪ੍ਰੀਤ ਸਿੰਘ ਨਾਲ ਉਨ੍ਹਾਂ ਦੀ ਮੁਲਾਕਾਤ ਬਾਰੇ ਕੁਝ ਵੀ ਨਹੀਂ ਦੱਸਿਆ ਗਿਆ, ਫਿਰ ਵੀ ਮੰਨਿਆ ਜਾ ਰਿਹਾ ਹੈ ਕਿ ਅਕਾਲੀ ਦਲ ਦੇ ਅੰਦਰ ਮੌਜੂਦਾ ਸੰਕਟ ਜੋ ਹੁਣ ਤਖ਼ਤ ਦੇ ਜਥੇਦਾਰਾਂ ਤੇ ਸਮੁਚੇ ਪੰਥ ਨੂੰ ਵੀ ਉਲਝਾਇਆ ਹੋਇਆ ਹੈ,ਇਸ ਸਬੰਧੀ ਰਾਧਾ ਸਵਾਮੀ ਬਾਬਾ ਗੁਰਿੰਦਰ ਸਿੰਘ ਚਰਚਾ ਲਈ ਸਰਗਰਮ ਹੋਏ ਤਾਂ ਜੋ ਇਸ ਦਾ ਹਲ ਲਭਿਆ ਜਾ ਸਕੇ। ਕਿਹਾ ਇਹ ਵੀ ਜਾ ਰਿਹਾ ਕਿ ਇਸ ਮੁਲਾਕਾਤ ਤੋਂ ਬਾਅਦ ਉਹ ਜਥੇਦਾਰ ਅਕਾਲ ਤਖਤ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰਨਗੇ।

**☛ ਬਾਦਲਕੇ ਕਿਉਂ ਦੁਖੀ ਹਨ ,ਜਥੇਦਾਰ ਹਰਪ੍ਰੀਤ ਸਿੰਘ ਨੂੰ ਕਿਉ ਬਣਾ ਰਹੇ ਨੇ ਨਿਸ਼ਾਨਾ ☛ ਰਾਧਾ ਸਵਾਮੀ ਬਾਬੇ ਦੀ ਸਿਖ ਸਿਆਸਤ ਦਾ ਅਰਥ ਸਾਡੀ ਪੰਥਕ ਲੀਡਰਸ਼ਿਪ ਫਲਾਪ ਹੈ**

ਹੈਰਾਨੀ ਇਸ ਗਲ ਦੀ ਹੈ ਕਿ ਸਿਖ ਪੰਥ ਕੋਲ ਪੰਥਕ ਲੀਡਰਸ਼ਿਪ ਨਹੀਂ ਬਚੀ ਜਿਸ ਦਾ ਬੋਧਿਕ ਪਧਰ ਤੇ ਵਿਜਨ ਰਾਧਾ ਸਵਾਮੀ ਬਾਬੇ ਨਾਲੋਂ ਵਿਸ਼ਾਲ ਹੋਵੇ ਤੇ ਪੰਥਕ ਸੰਕਟ ਦਾ ਹੱਲ ਲਭ ਸਕੇ।ਇਹ ਸਿਖ ਪੰਥ ਲਈ ਤੇ ਪੰਥਕ ਲੀਡਰਸ਼ਿਪ ਲਈ ਸ਼ਰਮਨਾਕ ਗਲ ਹੈ ਕਿ ਅਸੀਂ ਇਕੀਵੀਂ ਸਦੀ ਵਿਚ ਕਿਥੇ ਜਾ ਡਿਗੇ ? ਹੁਣ ਤਕ ਅਸੀਂ ਪੰਥ ਵਾਲੇ ਮਿਲ ਬੈਠਕੇ ਮਸਲੇ ਹੱਲ ਕਰਦੇ ਰਹੇ ਹਾਂ।

## ਵਿਚਾਰ ਆਪੋ-ਆਪਣਾ

ਮੈਂ ਨਿਜੀ ਤੌਰ ਉਪਰ ਨਾ ਰਾਧਾ ਸਵਾਮੀ ਬਾਬੇ ਦਾ ਸਮਰਥਕ ਹਾਂ ਨਾ ਉਸਦਾ ਵਿਰੋਧੀ ਹੈ।ਮੈਂ ਬਾਬੇ ਦੇ ਇਸ ਵਿਚਾਰ ਦੀ ਸ਼ਲਾਘਾ ਕਰਦਾ ਹਾਂ ਕਿ ਉਸਨੇ ਦਰਬਾਰ ਸਾਹਿਬ ਗੁਰੂ ਗ੍ਰੰਥ ਸਾਹਿਬ ਅਗੇ ਸੀਸ ਨਿਵਾਇਆ ,ਹਿੰਦੂ ਭਾਈਚਾਰੇ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜਿਆ। ਵੱਡੀ ਗਲ ਹੈ ਕਿ ਉਹ ਹਮੇਸ਼ਾ ਸਿਖ ਪੰਥ ਨਾਲ ਟਕਰਾਅ ਤੇ ਸਿਆਸਤ ਤੋਂ ਬਚੇ।

ਮੇਰੇ ਕੁਝ ਦੋਸਤ ਹਿੰਦੂ ਭਾਈਚਾਰੇ ਨਾਲ ਸਬੰਧਿਤ ਹਨ,ਉਨ੍ਹਾਂ ਦੇ ਵਿਆਹਾਂ ਵਿਚ ਮੈਨੂੰ ਸ਼ਾਮਲ ਹੋਣ ਦਾ ਮੌਕਾ ਮਿਲਿਆ ,ਸਿਖ ਰੀਤਾਂ ਨਾਲ ਉਨ੍ਹਾਂ ਅਨੰਦ ਕਾਰਜ ਕੀਤਾ।ਇਹ ਠੀਕ ਹੈ ਕਿ ਰਾਧਾ ਸਵਾਮੀਆਂ ਨਾਲ ਇਕ ਅੰਤਰ ਸਾਡਾ ਇਹ ਹੈ ਕਿ ਉਹ ਸਰੀਰਕ ਗੁਰੂ ਨੂੰ ਮੰਨਦੇ ਹਨ ਤੇ ਅਸੀਂ ਸ਼ਬਦ ਗੁਰੂ ਗ੍ਰੰਥ ਸਾਹਿਬ ਨੂੰ।ਸਿਖੀ ਸਿਰਫ ਸ਼ਬਦ ਗੁਰੂ ਗੁਰੂ ਗ੍ਰੰਥ ਸਾਹਿਬ ਉਪਰ ਖੜੀ ਹੈ।ਇਹੀ ਸਿਖੀ ਦੀ ਵਿਸ਼ਾਲਤਾ ਹੈ।ਪਰ ਸਾਡੀ ਪੰਥਕ ਲੀਡਰਸ਼ਿਪ ਫਲਾਪ ਹੈ ਚਾਹੇ ਰਾਜਨੀਤਕ ਹੈ ਚਾਹੇ ਧਾਰਮਿਕ ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਕੋਈ ਸਿਖ ਲੀਡਰ ਸਿਖ ਪੰਥ ਦੀ ਯੋਗ ਅਗਵਾਈ ਨਹੀਂ ਕਰ ਸਕਿਆ। ਬਾਦਲ ਦਲ ਦੀ ਲੀਡਰਸ਼ਿਪ ਦੀ ਸਿਆਸੀ ਹੋਂਦ ਦੇ ਖਾਤਮੇ ਬਾਅਦ ਸਾਡੀ ਪੰਥਕ ਲੀਡਰਸ਼ਿਪ ਨਿਜੀ ਸਿਆਸਤ ਵਿਚ ਰੁਝੀ ਹੋਈ ਆਪੋ ਆਪਣੀ ਸਿਆਸੀ ਸ਼ਤਰੰਜ ਵਿਛਾ ਰਹੀ ਹੈ।ਪਰ ਕਿਸੇ ਵਿਚ ਦਮ ਨਹੀਂ ਕਿ ਉਹ ਦਸ ਹਜਾਰ ਦਾ ਵੀ ਇਕਠ ਕਰ ਸਕੇ। ਦੂਜਾ ਸੰਗਤ ਉਨ੍ਹਾਂ ਤੋਂ ਕਾਇਲ ਹੋ ਸਕੇ ਤੇ ਉਨ੍ਹਾਂ ਨੂੰ ਦਸ ਮਿੰਟ ਤੋਂ ਵਧ ਸੁਣ ਸਕੇ।ਉਨ੍ਹਾਂ ਕੋਲ ਪੰਥ ਨੂੰ ਕਹਿਣ ਲਈ ਕੋਈ ਗਲ ਨਹੀਂ। ਪਰ ਸਭ ਪੰਥ ਦੇ ਲੀਡਰ ਬਣਨਾ ਚਾਹੁੰਦੇ ਹਨ ,ਪਰ ਰਲਕੇ ਬੈਠਣ ਦੀ ਥਾਂ ਇਕ ਦੂਜੇ ਨੂੰ ਠਿਬੀ ਲਗਾਉਣਾ ਚਾਹੁੰਦੇ ਹਨ।ਪਰ ਇਹ ਭੁਲ ਜਾਂਦੇ ਹਨ ਕਿ ਪੰਥ ਦੀ ਸਿਆਸੀ ਜ਼ਿੰਮੇਵਾਰੀ ਸੰਭਾਲਣਾ ਸ਼ੇਰ ਦੀ ਸਵਾਰੀ ਕਰਨ ਬਰਾਬਰ ਹੈ।ਸ਼ੇਰ ਦਾ ਭਰੋਸਾ ਜਿਤਣਾ ਤੇ ਪੰਥਕ ਜਜਬਾ ਜਗਾਉਣਾ ਸੌਖਾ ਨਹੀਂ।ਜੇ ਇਸ ਲੀਡਰਸ਼ਿਪ ਦਾ ਹਾਲ ਇਹ ਹੈ ਤਾਂ ਇਹੋ ਜਿਹੇ ਬਦਲ ਬਾਦਲ ਦਲ ,ਭਾਜਪਾ, ਕਾਂਗਰਸ ਤੇ ਆਪ ਮਾੜੇ ਕੀ ਹਨ ?ਇਹ ਪੰਥਕ ਲੀਡਰਸ਼ਿਪ ਲਈ ਵੱਡੀ ਚੁਣੌਤੀ ਹੈ

ਰਾਧਾ ਸਵਾਮੀ ਬਾਬੇ ਤੇ ਗਿਆਨੀ ਹਰਪ੍ਰੀਤ ਸਿੰਘ ਦਰਮਿਆਨ ਕਰੀਬ ਇੱਕ ਘੰਟਾ ਚੱਲੀ ਬਠਿੰਡਾ ਮੀਟਿੰਗ ਵਿੱਚ ਪੰਜਾਬ ਦੇ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਵੀ ਮੌਜੂਦ ਸਨ, ਨੇ ਕਿਹਾ ਕਿ ਇਸ ਵਿੱਚ ਕੋਈ ਸਿਆਸਤ ਸ਼ਾਮਲ ਨਹੀਂ ਹੈ ਅਤੇ ਪਾਰਟੀ ਆਗੂ ਸੁਖਬੀਰ ਸਿੰਘ ਬਾਦਲ ਬਾਰੇ ਕੋਈ ਗੱਲ ਨਹੀਂ ਕੀਤੀ ਗਈ। ਰੱਖੜਾ ਦਾ ਸਬੰਧ ਅਕਾਲੀ ਬਾਗੀ ਧੜੇ ਸੁਧਾਰ ਲਹਿਰ ਨਾਲ ਸੀ।

ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਕਮੇਟੀ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ 15 ਦਿਨਾਂ ਲਈ ਸਸਪੈਂਡ ਕਰਨ ਦੇ ਐਲਾਨ ਤੋਂ ਬਾਅਦ ਕਈ ਸਿੱਖ ਜਥੇਬੰਦੀਆਂ ਨੇ ਇਸ ਫੈਸਲੇ ਦਾ ਵਿਰੋਧ ਕਰਦਿਆਂ ਜਥੇਦਾਰ ਅਤੇ ਸੁਖਬੀਰ ਸਿੰਘ ਬਾਦਲ ਨਾਲ ਸਬੰਧਤ ਅਕਾਲੀ ਦਲ ਦੇ ਆਗੂਆਂ ਦਰਮਿਆਨ ਮਤਭੇਦ ਵਧਾ ਦਿੱਤੇ ਹਨ।

ਕਾਲੀ ਦਲ ਦੀ ਪਾਰਟੀ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਅਤੇ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਬਰਕੰਦੀ ,ਅਮਰਜੀਤ ਸਿੰਘ ਚਾਵਲਾ ਤੇ ਰਜਿੰਦਰ ਸਿੰਘ ਮਹਿਤਾ ਸਮੇਤ ਅਕਾਲੀ ਆਗੂਆਂ ਨੇ ਜਥੇਦਾਰ ਹਰਪ੍ਰੀਤ ਸਿੰਘ ਤੇ ਰਾਧਾ ਸਵਾਮੀ ਬਾਬਾ ਵੱਲੋਂ ਕੀਤੀ ਮੀਟਿੰਗ 'ਤੇ ਇਤਰਾਜ਼ ਉਠਾਇਆ।ਬਾਦਲਕੇ ਸਿਆਸੀ ਮੁਸੀਬਤ ਵਿਚ ਹਨ ਕਿ ਇਸ ਲਈ ਇਸ ਮੁਦੇ ਉਪਰ ਗਿਆਨੀ ਹਰਪ੍ਰੀਤ ਸਿੰਘ ਨਿਸ਼ਾਨੇ ਉਪਰ ਹਨ।

ਕੀ ਸੁਖਬੀਰ ਬਾਦਲ ,ਬਿਕਰਮ ਸਿੰਘ ਮਜੀਠੀਆ ਚੋਣਾਂ ਦੌਰਾਨ ਰਾਧਾ ਸਵਾਮੀ ਬਾਬੇ ਦੀਆਂ ਪਰਕਰਮਾ ਨਹੀਂ ਕਰਦੇ ਰਹੇ ? ਹੁਣ ਇਸ ਮੀਟਿੰਗ ਉਪਰ ਇਤਰਾਜ਼ ਕਿਉਂ ? ਕੀ ਜਥੇਦਾਰ ਹਰਪ੍ਰੀਤ ਸਿੰਘ ਖੁਦ ਰਾਧਾ ਸਵਾਮੀ ਬਾਬੇ ਨੂੰ ਮਿਲੇ ਹਨ ?

ਇਸ ਦਾ ਸਾਫ ਅਰਥ ਹੈ ਕਿ ਬਾਦਲਕੇ ਸਿਖ ਪੰਥ ਵਿਚ ਭੰਬਲਭੂਸਾ ਪੈਦਾ ਕਰਨ ਵਾਲੀ ਸਿਆਸਤ ਹੀ ਕਰਨਾ ਚਾਹੁੰਦੇ ਹਨ।ਉਹ ਹੁਣ ਸਿਖ ਪੰਥ ਦਾ ਵਿਸ਼ਵਾਸ ਨਹੀਂ ਜਿਤ ਸਕਦੇ।ਉਹ ਅਜੇ ਵੀ ਤਨਖਾਹੀਆ ਹਨ ,ਕਿਉਂਕਿ ਕਿ ਉਨ੍ਹਾਂ ਸੁਖਬੀਰ ਦਾ ਅਸਤੀਫਾ ਨਾ ਲੈਕੇ ਤੇ ਅਕਾਲ ਤਖਤ ਵਲੋਂ ਅਕਾਲੀ ਦਲ ਦੀ ਭਰਤੀ ਲਈ ਬਣਾਈ ਕਮੇਟੀ ਨੂੰ ਮਨਜੂਰ ਨਾ ਕਰਕੇ ਅਕਾਲ ਤਖਤ ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ।

**-ਪ੍ਰੋਫੈਸਰ ਬਲਵਿੰਦਰ ਪਾਲ ਸਿੰਘ, ਮੋ. : 9815700916**

ਸਾਹਿਬਜ਼ਾਦਿਆਂ ਦੀ ਨਕਲ ਉਤਾਰਨਾ

# ਪੰਥ ਦੇ ਸਿਧਾਂਤਾਂ ਅਤੇ ਰੂਹਾਨੀਅਤ ਉੱਤੇ ਹਮਲਾ : ਭਾਈ ਰਣਜੀਤ ਸਿੰਘ ਦਮਦਮੀ ਟਕਸਾਲ

**ਅੰਮ੍ਰਿਤਸਰ, 28 ਦਸੰਬਰ (ਆਵਾਜ਼ਿ ਕੌਮ ਬਿਊਰੋ)-** ਕੇਰਲਾ ਦੇ ਇੱਕ ਕੇਂਦਰੀ ਵਿਦਿਆਲੇ 'ਚ ਵੀਰ ਬਾਲ ਦਿਵਸ ਮੌਕੇ ਕਰਵਾਏ ਸਮਾਗਮ ਵਿੱਚ ਦੋ ਬੱਚਿਆਂ ਵੱਲੋਂ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਦੀ ਨਕਲ ਉਤਾਰੀ ਗਈ, ਜਿਸ 'ਤੇ ਪੰਥਕ ਜਥੇਬੰਦੀ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਨੇ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਅਜਿਹੇ ਪੰਥ ਵਿਰੋਧੀ ਕਾਰਿਆਂ ਨੂੰ ਖ਼ਾਲਸਾ ਪੰਥ ਬਰਦਾਸ਼ਤ ਨਹੀਂ ਕਰੇਗਾ। ਇਹ ਸਿੱਖੀ ਸਿਧਾਂਤਾਂ ਦੀਆਂ ਧੱਜੀਆਂ ਉਡਾਉਣ ਅਤੇ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਲਈ ਇੱਕ ਗਿਣੀ ਮਿਥੀ ਸਾਜਿਸ਼ ਤਹਿਤ ਅਜਿਹੀ ਹਰਕਤ ਕਰਵਾਈ ਗਈ ਹੈ, ਜਿਸ ਨੂੰ ਇੱਥੇ ਹੀ ਠੱਲ ਪਾਉਣ ਦੀ ਲੋੜ ਹੈ, ਨਹੀਂ ਤਾਂ ਇਹ ਰੁਝਾਨ ਭਵਿੱਖ ਵਿੱਚ ਸਿੱਖ ਕੌਮ ਲਈ ਬਹੁਤ ਨੁਕਸਾਨਦੇਹ ਹੋਵੇਗਾ। ਇਹ ਰੁਝਾਨ ਕਦਾਚਿਤ ਗੁਰਮਤਿ ਅਤੇ ਸਿੱਖੀ ਵਿੱਚ ਸ਼ਹਾਦਤਾਂ ਨੂੰ ਯਾਦ ਕਰਨ ਦੇ ਅਨੁਕੂਲ ਨਹੀਂ ਹੈ, ਇਹ ਉਹਨਾਂ ਦੀਆਂ ਸ਼ਹਾਦਤਾਂ ਨੂੰ ਛੋਟਾ ਕਰਨ ਦਾ ਯਤਨ ਹੈ, ਇਸ ਦੇ ਰੋਸ ਵਜੋਂ ਦੋਸ਼ੀਆਂ ਨੂੰ ਨੱਥ ਪਾਉਣ ਲਈ ਸਿੱਖ ਕੋਈ ਵੀ ਕਦਮ ਉਠਾ ਸਕਦੇ ਹਨ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਸਕੂਲ ਦੇ ਪ੍ਰਬੰਧਕਾਂ ਅਤੇ ਬੱਚਿਆਂ ਦੀ ਕੋਝੀ ਹਰਕਤ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ, ਇਹ ਸਿੱਖੀ ਦੇ ਮੂਲ ਅਤੇ ਬੁਨਿਆਦੀ ਸਿਧਾਂਤਾਂ ਉੱਤੇ ਵੱਡਾ ਹਮਲਾ ਹੈ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਜਿਸ ਸਮੇਂ ਮੋਦੀ ਸਰਕਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਨੂੰ ਵੀਰ ਬਾਲ ਦਿਵਸ ਵਜੋਂ ਐਲਾਨਿਆ ਸੀ ਅਸੀਂ ਉਦੋਂ ਵੀ ਡਟਵਾਂ ਵਿਰੋਧ ਕੀਤਾ ਸੀ ਅਤੇ ਖਾਦਸ਼ਾ ਪ੍ਰਗਟਾਇਆ ਸੀ ਕਿ ਹੁਣ ਸਰਕਾਰ ਵੱਲੋਂ ਸਕੂਲਾਂ, ਕਾਲਜਾਂ ਅਤੇ ਮੰਦਰਾਂ ਵਿੱਚ ਸਾਹਿਬਜ਼ਾਦਿਆਂ ਦਾ ਸਵਾਂਗ ਉਤਾਰਿਆ ਜਾਵੇਗਾ ਅਤੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਦੀ ਰੂਹਾਨੀਅਤ ਨੂੰ ਰੋਲਣ ਦੇ ਯਤਨ ਹੋਣਗੇ। ਉਹਨਾਂ ਕਿਹਾ ਕਿ ਪਿਛਲੇ ਦਿਨੀਂ ਗੁਰੂ ਨਾਨਕ ਪਾਤਸ਼ਾਹ ਜੀ ਦੀ ਨਕਲ ਅਤੇ ਹੁਣ ਸਾਹਿਬਜ਼ਾਦਿਆਂ ਦੀ ਨਕਲ ਉਸੇ ਗੱਲ ਦੇ ਹੀ ਸਿੱਟੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਇਹਨਾਂ ਲੋਕਾਂ ਵਿਰੁੱਧ ਸਖਤ ਕਾਰਵਾਈ ਕਰਨ ਅਤੇ ਸ਼੍ਰੋਮਣੀ ਕਮੇਟੀ ਵੀ ਕਾਨੂੰਨੀ ਕਾਰਵਾਈ ਕਰਾਵੇ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਇਸ ਮਾਮਲੇ ਉੱਤੇ ਸੰਪਰਦਾਵਾਂ ਨੇ ਚੁੱਪੀ ਧਾਰਨ ਕੀਤੀ ਹੋਈ ਹੈ ਤੇ ਆਮ ਸਿੱਖ ਆਵਾਜ਼ ਬੁਲੰਦ ਕਰ ਰਹੇ ਹਨ। ਉਹਨਾਂ ਕਿਹਾ ਕਿ ਵੀਰ ਬਾਲ ਦਿਵਸ ਨੂੰ ਵੀ ਮੁੱਢੋਂ ਨਕਾਰਿਆ ਜਾਣਾ ਚਾਹੀਦਾ ਹੈ, ਸਾਹਿਬਜ਼ਾਦੇ ਆਮ ਬੱਚੇ ਨਹੀਂ ਬਲਕਿ ਸਾਡੇ ਬਾਬੇ ਹਨ।ਭਗਵੇਂ ਬ੍ਰਿਗੇਡ ਦੀ ਚਾਲ ਨੂੰ ਨਕਾਰੋ, ਵੀਰ ਬਾਲ ਦਿਵਸ ਨਹੀਂ ਸਾਹਿਬਜ਼ਾਦੇ ਸ਼ਹਾਦਤ ਦਿਵਸ ਹੀ ਮਨਾਓ।ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਨੂੰ ਜਿਸ ਤਰ੍ਹਾਂ ਭਾਰਤੀ ਸੰਸਕ੍ਰਿਤੀ, ਅਖੌਤੀ ਰਾਸ਼ਟਰਵਾਦ ਤੇ ਦੇਸ਼ ਭਗਤੀ ਨਾਲ਼ ਜੋੜ ਕੇ ਭਾਰਤੀ ਗੌਰਵ ਦੇ ਖਾਤੇ ਪਾਇਆ ਜਾ ਰਿਹਾ ਹੈ, ਇਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ।ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਧਰਮ ਲਈ, ਕੌਮ ਲਈ, ਪੰਥ ਲਈ, ਸਰਬੱਤ ਦੇ ਭਲੇ ਲਈ, ਮਨੁੱਖਤਾ ਦੀ ਰਾਖੀ ਲਈ, ਜਬਰ-ਜ਼ੁਲਮ ਦੇ ਖਾਤਮੇ ਲਈ ਅਤੇ ਜੋ ਗੁਰੂ ਨਾਨਕ ਪਾਤਸ਼ਾਹ ਜੀ ਨੇ ਤੀਸਰ ਪੰਥ (ਨਿਰਮਲ ਪੰਥ) ਚਲਾਇਆ ਉਸ ਖਾਲਸਾ ਪੰਥ ਦੀ ਅੱਡਰੀ, ਨਿਆਰੀ, ਵਿਲੱਖਣ ਹੋਂਦ-ਹਸਤੀ ਤੇ ਖਾਲਸਾ ਰਾਜ ਦੀ ਸਿਰਜਣਾ ਲਈ ਹੋਈਆਂ ਸਨ। ਜਿਸ ਸਮੇਂ ਸੰਨ 1704 ਵਿੱਚ ਇਹ ਸਾਕਾ ਵਾਪਰਿਆ ਉਸ ਸਮੇਂ ਭਾਰਤ ਦਾ ਇੱਕ ਦੇਸ਼ ਵਜੋਂ ਕੋਈ ਵਜੂਦ ਨਹੀਂ ਸੀ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਅੱਜ ਵਾਲਾ ਭਾਰਤ 600 ਤੋਂ ਵੱਧ ਰਿਆਸਤਾਂ 'ਚ ਵੰਡਿਆ ਹੋਇਆ ਸੀ। ਫਿਰ ਸਾਹਿਬਜ਼ਾਦਿਆਂ ਨੂੰ ਕਿਹੜੇ ਭਾਰਤ ਦੇ ਨਾਗਰਿਕ ਵਜੋਂ ਦਰਸਾਇਆ ਜਾ ਰਿਹਾ ਹੈ ? ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਅਖੰਡ ਭਾਰਤ ਕਹਿਣ ਵਾਲ਼ੇ ਕੋਰਾ ਝੂਠ ਬੋਲਦੇ ਹਨ। ਪੰਜਾਬ ਵੀ ਇੱਕ ਵੱਖਰਾ ਮੁਲਕ ਸੀ ਤੇ ਪੰਜਾਬ ਨੂੰ ਅੱਜ ਵੀ ਭਾਰਤ ਤੋਂ ਅਜ਼ਾਦ ਕਰਵਾਉਣ ਲਈ ਸਿੱਖ ਕੌਮ ਸੰਘਰਸ਼ਸ਼ੀਲ ਹੈ।



## "ਸਾਰੇ ਮੁੱਦੇ ਹੀ ਤਾਂ ਮੇਰੇ ਆਪਣੇ ਨੇ"



ਮੈਨੂੰ ਕਈ ਵਾਰ ਇਹ ਪੁੱਛਿਆ ਜਾਂਦਾ ਹੈ
ਕਿ ਤੁਸੀਂ ਕਿਸ ਮੁੱਦੇ ਉੱਪਰ ਲਿਖਣਾ ਪਸੰਦ ਕਰਦੇ ਹੋ ?

ਮੇਰਾ ਕਹਿਣਾ ਹੁੰਦਾ ਹੈ ਕਿ ਮੈਨੂੰ ਇਹ ਨਾ ਪੁੱਛੋ
ਕਿ ਮੈਂ ਕਿਸ ਮੁੱਦੇ ਤੇ ਲਿਖਣਾ ਪਸੰਦ ਕਰਦੀ ਹਾਂ ?

ਮੈਨੂੰ ਇਹ ਪੁੱਛੋ
ਕਿ ਮੈਂ ਕਿਸ-ਕਿਸ ਮੁੱਦੇ ਤੇ ਲਿਖਣਾ ਚਾਹੁੰਦੀ ਹਾਂ ?
ਮੈਂ ਕਿਸ-ਕਿਸ ਮੁੱਦੇ ਤੇ ਬੋਲਣਾ ਚਾਹੁੰਦੀ ਹਾਂ ?

ਮੈਂ ਕਿਸ-ਕਿਸ ਮੁੱਦੇ ਤੇ ਸੋਚਦੀ ਹਾਂ ?
ਮੈਂ ਕਿਸ-ਕਿਸ ਮੁੱਦੇ ਤੇ ਆਪਣੇ ਵਿਚਾਰ ਰੱਖਣਾ ਚਾਹੁੰਦੀ ਹਾਂ ?

ਮੈਂ ਕਿਸ-ਕਿਸ ਮੁੱਦੇ ਨੂੰ ਚੁੱਕਣਾ ਚਾਹੁੰਦੀ ਹਾਂ ਵਿਸ਼ਵ ਪੱਧਰ 'ਤੇ ?
ਮੈਂ ਕਿਸ-ਕਿਸ ਮੁੱਦੇ ਦੇ ਹੱਲ ਚਾਹੁੰਦੀ ਹਾਂ ਜ਼ਮੀਨੀ ਪੱਧਰ 'ਤੇ ?

ਕੋਈ ਇੱਕ ਮੁੱਦਾ ਕਿਉਂ ਫੜਾਂ ਮੈਂ ? ਹਰ ਮੁੱਦੇ ਨੂੰ ਕਿਉਂ ਨਾ ਛੇੜਾਂ ਮੈਂ ?
ਕੋਈ ਵੀ ਮੁੱਦਾ ਬਿਗਾਨਾ ਥੋੜੇ ਨਾ ਹੈ, ਸਾਰੇ ਹੀ ਤਾਂ ਮੇਰੇ ਆਪਣੇ ਨੇ

ਇਹ ਕਿਸਾਨ ਮੇਰੇ ਆਪਣੇ ਨੇ, ਇਹ ਮਜ਼ਦੂਰ ਮੇਰੇ ਆਪਣੇ ਨੇ
ਇਹ ਸਾਰੇ ਧਰਨੇ ਮੇਰੇ ਆਪਣੇ ਨੇ ਸਾਰੇ ਅੰਦੋਲਣ ਮੇਰੇ ਆਪਣੇ ਨੇ

ਹੱਥਾਂ ਵਿੱਚ ਫੜੀਆਂ ਡਿਗਰੀਆਂ ਵਾਲੇ ਬੇਰੋਜ਼ਗਾਰ ਮੇਰੇ ਆਪਣੇ ਨੇ
ਯੂਨਿਵਰਸਿਟੀਆਂ, ਕਾਲਜਾਂ ਲਈ ਲੜ ਰਹੇ ਵਿਦਿਆਰਥੀ ਮੇਰੇ ਆਪਣੇ ਨੇ

ਨਸ਼ਿਆਂ ਨਾਲ ਮਰ ਰਹੇ ਨੌਜਵਾਨ ਮੇਰੇ ਆਪਣੇ ਨੇ
ਨਕਲੀ ਇੰਨਕਾਊਂਟਰ ਨਾਲ ਮਾਰੇ ਗੈਂਗਸਟਰ ਮੇਰੇ ਆਪਣੇ ਨੇ

ਬੰਜਰ ਹੋ ਰਹੀ ਜ਼ਮੀਨ ਤੇ ਡੂੰਘਾ ਜਾਂਦਾ ਪਾਣੀ ਮੇਰੇ ਆਪਣੇ ਨੇ
ਬੁੱਢੇ ਨਾਲੇ ਤੇ ਫੈਕਟਰੀਆਂ ਦੇ ਫੈਲ ਰਹੇ ਜ਼ਿਹਰ ਨਾਲ ਮਰ ਰਹੇ ਮੇਰੇ ਆਪਣੇ ਨੇ

ਧੀਆਂ ਦੇ ਹੋ ਰਹੇ ਬਲਾਤਕਾਰ ਦੇ ਸੰਤਾਪ ਮੇਰੇ ਆਪਣੇ ਨੇ
ਹਰ ਦੂਸਰੇ ਘਰ ਹੋ ਰਹੇ ਤਲਾਕ ਦੇ ਦੁੱਖ ਮੇਰੇ ਆਪਣੇ ਨੇ

ਜੇਲਾਂ ਵਿੱਚ ਸਜ਼ਾ ਭੁਗਤ ਚੁੱਕੇ ਬੰਦੀ ਸਿੰਘ ਮੇਰੇ ਆਪਣੇ ਨੇ
ਵਾਰਿਸ ਪੰਜਾਬ ਦੇ ਨਵੇਂ ਕੈਦ ਹੋਏ ਸਿੰਘ ਮੇਰੇ ਆਪਣੇ ਨੇ

ਦੇਸ਼ਾਂ ਵਿਦੇਸ਼ਾਂ ਵਿੱਚ ਸਿੱਖਾਂ ਦੇ ਹੋ ਰਹੇ ਕਤਲ ਮੇਰੇ ਆਪਣੇ ਨੇ
ਸ਼ਹੀਦ ਨਿੱਝਰ, ਸ਼ਹੀਦ ਖੰਡਾ, ਸ਼ਹੀਦ ਦੀਪ ਸਿੱਧੂ ਮੇਰੇ ਆਪਣੇ ਨੇ

ਕਤਲ ਕੀਤਾ ਜ਼ਾਲਮਾਂ ਨੇ ਬੇਰਹਿਮੀ ਨਾਲ
ਨੰਗਲ ਅੰਬੀਆ ਤੇ ਸਿੱਧੂ ਮੂਸੇਵਾਲਾ ਮੇਰੇ ਆਪਣੇ ਨੇ

ਬਾਰ-ਬਾਰ ਬੇਅਦਬੀਆਂ ਹੁੰਦੀਆਂ ਉਹ ਗੁਰੂਧਾਮ ਮੇਰੇ ਆਪਣੇ ਨੇ
ਕਲੇਜਾ ਪਾੜਦੀ ਹੈ ਸਾਡਾ ਬੇਅਦਬੀ ਧੰਨ ਗੁਰੂ ਗਰੰਥ ਸਾਹਿਬ ਮੇਰੇ ਆਪਣੇ ਨੇ

ਹਾਏ ਮੇਰੀ ਕਲਮ ਨਹੀਂ ਜੇ ਰੁੱਕਣੀ ਨਿੱਤ ਮਰ ਰਹੇ ਪੰਜਾਬੀ ਮੇਰੇ ਆਪਣੇ ਨੇ
ਦੱਸੋ ? ਕਿਹੜੇ ਮੁੱਦੇ ਤੇ ਮੈਂ ਨਾ ਲਿਖਾਂ ? ਸਾਰੇ ਮੁੱਦੇ ਹੀ ਤਾਂ ਮੇਰੇ ਆਪਣੇ ਨੇ

**-ਰਸ਼ਿਪੰਦਰ ਕੌਰ ਗਿੱਲ,**
**ਸੰਸਥਾਪਕ, ਪ੍ਰਧਾਨ**
**ਪੀਘਾਂ ਸੋਚ ਦੀਆਂ-ਸਾਹਿਤ ਮੰਚ, ਪਬਲੀਕੇਸ਼ਨ, ਮੈਗਜ਼ੀਨ**
**+91-9888697078**

ਭਾਈ ਨਰਾਇਣ ਸਿੰਘ ਚੌੜਾ ਦੀ ਦਸਤਾਰ ਲਾਹੁਣ ਵਾਲਾ ਜਸਪ੍ਰੀਤ ਰਾਣਾ ਝੂਠ ਬੋਲ ਰਿਹੈ

# ਧਾਰਮਿਕ ਅਤੇ ਕਾਨੂੰਨੀ ਕਾਰਵਾਈ ਹੋਵੇ : ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ

ਅੰਮ੍ਰਿਤਸਰ, 28 ਦਸੰਬਰ ( ): ਸੁਖਬੀਰ ਸਿੰਘ ਬਾਦਲ ਉੱਤੇ ਜਾਨਲੇਵਾ ਹਮਲਾ ਕਰਨ ਵਾਲੇ ਭਾਈ ਨਰਾਇਣ ਸਿੰਘ ਚੌੜਾ ਦੀ ਦਸਤਾਰ ਉਤਾਰਨ ਵਾਲੇ ਜਸਪ੍ਰੀਤ ਸਿੰਘ ਰਾਣਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਲਿਖ ਕੇ ਖ਼ਿਮਾ ਜਾਚਨਾ ਕੀਤੀ ਹੈ, ਜਿਸ ਉੱਤੇ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਜਸਪ੍ਰੀਤ ਸਿੰਘ ਰਾਣਾ ਆਪਣੇ ਪੱਤਰ ਵਿੱਚ ਝੂਠ ਬੋਲ ਰਿਹਾ ਹੈ। ਉਹ ਕਹਿ ਰਿਹਾ ਕਿ "ਹੱਥ ਵੱਜਣ ਕਾਰਨ ਦਸਤਾਰ ਉਤਰ ਗਈ।" ਜਦ ਕਿ ਉਸ ਨੇ ਪਿੱਛੋਂ ਹੱਥ ਪਾ ਕੇ ਜਾਣ ਮਬੁੱਝ ਕੇ ਦਸਤਾਰ ਉਤਾਰੀ ਅਤੇ ਮੰਦੀ ਸ਼ਬਦਾਵਲੀ ਵੀ ਬੋਲੀ ਤਾਂ ਜੋ ਭਾਈ ਨਰੈਣ ਸਿੰਘ ਦੀ ਇੱਜਤ, ਸਵੈਮਾਣ ਤੇ ਅਣਖ਼ ਨੂੰ ਰੋਲਿਆ ਜਾ ਸਕੇ। ਉਸ ਨੇ ਪੱਤਰ ਰਾਹੀਂ ਸਿੱਖ ਕੌਮ ਅਤੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਗੁੰਮਰਾਹ ਕਰਨ ਦਾ ਯਤਨ ਅਤੇ ਚਲਾਕੀ ਕੀਤੀ ਹੈ ਤੇ ਇੱਕ ਗ.ਲਤੀ ਤੋਂ ਬਾਅਦ ਦੂਜੀ ਗਲਤੀ ਦੁਹਰਾਅ ਦਿੱਤੀ ਹੈ। ਪੱਤਰ ਵਿੱਚ ਰਾਣੇ ਨੇ ਇਹ ਵੀ ਲਿਖਿਆ ਕਿ ਉਹ ਦਸਤਾਰ ਉਤਾਰੇ ਜਾਣ ਵਾਲੇ ਸ਼ਖਸ ਨੂੰ ਜਾਣਦਾ ਨਹੀਂ ਸੀ, ਰਾਣਾ ਆਪਣੇ ਬਾਰੇ ਕਹਿ ਰਿਹਾ ਕਿ ਉਹ ਸਿੱਖ ਪਰਿਵਾਰ ਵਿੱਚੋਂ ਹੈ ਅਤੇ ਦਸਤਾਰ ਦੇ ਮੁਕਾਬਲੇ ਵੀ ਕਰਵਾਉਂਦਾ ਰਿਹਾ ਹੈ। ਜਿਸ ਦੇ ਜਵਾਬ ਵਿੱਚ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਤੈਨੂੰ ਇੱਕ ਸਿੱਖ ਦੀ ਦਸਤਾਰ ਲਾਹੁਣ ਦਾ ਹੱਕ ਕਿਸਨੇ ਦਿੱਤਾ ਹੈ, ਕੀ ਤੈਨੂੰ ਦਸਤਾਰ ਦੀ ਮਹਾਨਤਾ ਬਾਰੇ ਨਹੀਂ ਪਤਾ। ਇਹ ਤਾਂ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਅਤੇ ਸ਼ਹੀਦਾਂ ਦੇ ਖ਼ੂਨ ਨਾਲ ਰੰਗੀ ਹੋਈ ਮਹਾਨ ਦਾਤ ਹੈ।ਉਹਨਾਂ ਕਿਹਾ ਕਿ ਕਾਜ਼ੀ ਨੂਰ ਮੁਹੰਮਦ 'ਜੰਗਨਾਮੇ' ਵਿੱਚ ਲਿਖਦੇ ਹਨ ਕਿ ਸਿੱਖ ਤਾਂ ਦੁਸ਼ਮਣ ਦੀ ਵੀ ਦਸਤਾਰ ਨਹੀਂ ਲਾਹੁੰਦੇ ਅਤੇ ਭੱਜੇ ਜਾਂਦੇ ਉੱਤੇ ਵਾਰ ਨਹੀਂ ਕਰਦੇ। ਪਰ ਰਾਣੇ ਨੇ ਜੁਝਾਰੂ ਭਾਈ ਨਰਾਇਣ ਸਿੰਘ ਚੌੜਾ ਦੀ ਦਸਤਾਰ ਉਤਾਰ ਕੇ ਸਿੱਖ ਕੌਮ ਅਤੇ ਸਿੱਖ ਸੰਘਰਸ਼ ਦੀ ਪੱਗ ਨੂੰ ਹੱਥ ਪਾਇਆ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।ਉਹਨਾਂ ਹਵਾਲੇ ਦਿੰਦਿਆਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਦਾਦਾ ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਜਦ ਸਰ ਬੁਲੰਦ ਖਾਨ ਨੂੰ ਹਰਾਇਆ ਤਾਂ ਖ਼ਾਨ ਨੇ ਆਪਣੀ ਪੱਗ ਲਾਹ ਕੇ ਸ਼ੁਕਰਚੱਕੀਆ ਦੇ ਪੈਰਾਂ ਵਿੱਚ ਰੱਖ ਦਿੱਤੀ, ਚੜ੍ਹਤ ਸਿੰਘ ਨੇ ਖਾਨ ਦੀ ਪੱਗ ਉਸਦੇ ਸਿਰ ਉੱਤੇ ਰੱਖ ਕੇ ਕਿਹਾ ਕਿ ਅਸੀਂ ਕਿਸੇ ਦੀ ਦਸਤਾਰ ਲਾਹ ਕੇ ਇੱਜਤ ਨਹੀਂ ਉਛਾਲਦੇ, ਭਾਵੇਂ ਉਹ ਜੰਗ ਵਿੱਚ ਹਾਰਿਆ ਹੋਇਆ ਦੁਸ਼ਮਣ ਵੀ ਕਿਉਂ ਨਾ ਹੋਵੇ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਰਾਣੇ ਦੀ ਇੱਕ ਤਸਵੀਰ ਵਿੱਚ ਪੋਸਟਰ ਨਜ਼ਰ ਆ ਰਿਹਾ ਜਿਸ ਉੱਤੇ ਲਿਖਿਆ ਕਿ ਪੱਗੜੀ ਸੰਭਾਲ ਜੱਟਾ। ਪਰ ਰਾਣਾ ਤਾਂ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਪੁਲਸ ਹਿਰਾਸਤ ਵਿੱਚ ਜਕੜੇ ਭਾਈ ਨਰਾਇਣ ਸਿੰਘ ਚੌੜਾ ਦੀ ਜਬਰੀ ਦਸਤਾਰ ਉਤਾਰ ਰਿਹਾ ਹੈ, ਰਾਣੇ ਵਰਗੇ ਗੁਰੂ ਦੇ ਨਹੀਂ ਬਲਕਿ ਬਾਦਲ ਦੇ ਸਿੱਖ ਬਣ ਚੁੱਕੇ ਹਨ, ਇਹਨਾਂ ਨੇ ਤਾਂ ਸੁਖਬੀਰ ਬਾਦਲ ਦੀ ਚਾਪਲੂਸੀ ਦੀਆਂ ਹੱਦਾਂ ਟੱਪ ਦਿੱਤੀਆਂ ਹਨ ਅਤੇ ਸੰਘਰਸ਼ਸ਼ੀਲ ਸਿੱਖਾਂ ਦੀਆਂ ਪੱਗਾਂ ਲਾਹੁਣੀਆਂ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਕਮੇਟੀ ਦਾ ਸੱਭਿਆਚਾਰ ਬਣ ਚੁੱਕਾ ਹੈ। ਉਹਨਾਂ ਕਿਹਾ ਕਿ ਬਾਦਲਕਿਆਂ ਨੇ ਕੱਥੂਨੰਗਲ ਵਿੱਚ ਸਿਮਰਨਜੀਤ ਸਿੰਘ ਮਾਨ ਦੀ ਪੱਗ ਲਾਹੀ ਸੀ, ਲਾਪਤਾ 328 ਪਾਵਨ ਸਰੂਪਾਂ ਦੇ ਸੰਘਰਸ਼ ਸਮੇਂ ਸਤਿਕਾਰ ਕਮੇਟੀ ਵਾਲੇ ਸਿੰਘਾਂ-ਸਿੰਘਣੀਆਂ ਦੀਆਂ ਦਸਤਾਰਾਂ ਅਤੇ ਕਕਾਰ ਰੋਲੇ ਗਏ ਸਨ, ਪਰ ਹੁਣ ਬਾਦਲਕਿਆਂ ਦੀ ਗੁੰਡਾਗਰਦੀ ਨੂੰ ਨੱਥ ਪਾਉਣ ਦਾ ਸਮਾਂ ਆ ਗਿਆ। ਉਹਨਾਂ ਕਿਹਾ ਕਿ ਪੰਥ ਵਿਰੋਧੀ ਕਾਰਿਆਂ ਨਾਲ ਬਾਦਲਕਿਆਂ ਨੇ ਆਪਣੀ ਸਿਆਸੀ ਕਬਰ ਖੋਦ ਲਈ ਹੈ, ਇਹ ਅਕਾਲੀ ਅਤੇ ਸਿੱਖ ਅਖਵਾਉਂਦੇ ਹੱਕਦਾਰ ਨਹੀਂ ਹਨ। ਭਾਈ ਰਣਜੀਤ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਜਸਪ੍ਰੀਤ ਸਿੰਘ ਰਾਣੇ ਵਿਰੁੱਧ ਪੰਥਕ ਪਰੰਪਰਾਵਾਂ ਅਨੁਸਾਰ ਦੋਹਰੀ ਕਾਰਵਾਈ ਕਰਨ ਜਿਸ ਨਾਲ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੰਤੁਸ਼ਟੀ ਮਿਲੇ। ਉਹਨਾਂ ਕਿਹਾ ਕਿ ਰਾਣੇ ਉੱਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦਾ ਪਰਚਾ ਵੀ ਦਰਜ ਹੋਣਾ ਚਾਹੀਦਾ ਹੈ।



# ਸਾਹਿਬੇ ਕਮਾਲ ਚੋਜੀ ਪ੍ਰੀਤਮ ਦਸਮ ਪਿਤਾ ਧੰਨ ਧੰਨ ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਜੀ ਤੋਂ ਵਰਸੋਈ ਦਮਦਮੀ ਟਕਸਾਲ ਜਥੇਬੰਦੀ ਦੇ ਵਰਤਮਾਨ 16 ਮੁੱਖੀ ਅਤੀ ਸਨਮਾਨ ਯੋਗ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਪੁਰਸਾ ਨੂੰ ਜਥੇਬੰਦੀ ਦਮਦਮੀ ਟਕਸਾਲ ਦੀ ਸੇਵਾ ਪ੍ਰਾਪਤ ਹੋਈ ਨੂੰ 20 ਸਾਲ ਹੋ ਗਏ ਹਨ।






ਸਾਹਿਬੇ ਕਮਾਲ ਚੋਜੀ ਪ੍ਰੀਤਮ ਦਸਮ ਪਿਤਾ ਧੰਨ ਧੰਨ ਸਾਹਿਬ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਜੀ ਤੋਂ ਵਰਸੋਈ ਦਮਦਮੀ ਟਕਸਾਲ ਜਥੇਬੰਦੀ ਦੇ ਵਰਤਮਾਨ 16 ਮੁੱਖੀ ਅਤੀ ਸਨਮਾਨ ਯੋਗ ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮਹਾਪੁਰਸਾ ਨੂੰ ਜਥੇਬੰਦੀ ਦਮਦਮੀ ਟਕਸਾਲ ਦੀ ਸੇਵਾ ਪ੍ਰਾਪਤ ਹੋਈ 27 ਦਸੰਬਰ 2024 ਨੂੰ 20 ਸਾਲ ਹੋ ਗਏ ਹਨ। ਮਹਾਪੁਰਸ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ

ਆਵਾਜ਼ਿ ਕੌਮ AWAZE QAUM International Newspaper & WEB TV

ਸਮੁੱਚੇ ਮਾਝੇ ਦੇ ਸੰਤ ਸਮਾਜ ਵੱਲੋਂ ਲੱਖ ਲੱਖ ਵਧਾਈਆ ਹੋਣ ਜੀ । ਕੱਲ 27 ਤਾਰੀਕ ਨੂੰ ਸਾਹਿਬਜ਼ਾਦਿਆਂ ਦੇ ਸਹੀਦੀ ਦਿਹਾੜੇ ਹੋਣ ਕਰਕੇ ਮਹਾਪੁਰਸਾ ਦੀ ਦਸਤਾਰਬੰਦੀ ਦਾ ਵੀਹ ਸਾਲਾਂ ਦਿਹਾੜਾ ਸਮੁੱਚੇ ਮਾਝੇ ਦੇ ਸੰਤ ਸਮਾਜ ਵੱਲੋਂ ਅੱਜ ਮਨਾਇਆ ਗਿਆ ਹੈ।

( ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

